ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

36
January - March 2020

# ਸੈਣੀ ਸੰਸਾਰ
# Saini Sansar




## ਅੰਦਰ ਪੜ੍ਹੋ

- ਸੈਣੀ ਸਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਰੌਚਿਕ ਸਾਹਿਤਕ ਰਚਨਾਵਾਂ
- ਗਿਆਨ ਵਿਗਿਆਨ
- ਸਿਹਤਮੰਦ ਜੀਵਨ ਜਾਚ
- ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਸ਼ਾਨ
- ਵਜ਼ੀਫ਼ੇ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - X, Issue - I

# Saini Sansar

(Quarterly)

January - March 2020

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**

**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singn Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad | ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 05.01.2020**

# ਸੈਣੀ ਸੰਸਾਰ
(ਤਿਮਾਹੀ)

ਜਿਲਦ 9, ਅੰਕ 4 ਜਨਵਰੀ - ਮਾਰਚ 2020

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ
- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਨਵੇਂ ਸਾਲ ਦਾ ਸੂਰਜ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਕਵਿਤਾ - ਗੁਰੂ ਬਾਬੇ ਦਾ ਪੁਰਬ ਮਨਾਈਏ | 5 |
| ਕਹਾਣੀ - ਰੱਖਿਆ ਕਵਚ | 6-7 |
| ਸੈਣੀ ਭਵਨ ਦੀਆਂ ਸਰਗਰਮੀਆਂ | 8-12 |
| ਨੋਬਲ ਪੁਰਸਕਾਰ | 13-15 |
| ਸੈਣੀ ਬਰਾਦਰੀ ਦਾ ਚਮਕਦਾ ਸਿਤਾਰਾ- ਜਸ਼ਨਦੀਪ ਸਿੰਘ | 16 |
| ਕਸਰ, ਬਾਹਰਲੀ ਕਿ ਅੰਦਰਲੀ ? | 17-18 |
| ਆਸਟ੍ਰੇਲੀਆ ਵਿੱਚ ਮਾਂ-ਬੋਲੀ ਦਾ ਸਪੂਤ | 19 |
| List of Scholarship Awardees 2019-20 | 20-23 |
| ਸੈਣੀ ਜਰਨੈਲ ਨੂੰ ਅਲਵਿਦਾ | 24 |
| New Five Year Members of Saini Sansar | 25 |
| Hints for Successful Life........ | 26-27 |
| ਉੱਤਰ ਦੀ ਨਿਗਰਾਨ ਚੌਕੀ - ਚੂਹੜਦਾਰ ਚੋਟੀ | 28-29 |
| ਦਾਨੀ ਸੱਜਣ | 30 |
| ਗਜ਼ਲ | 31 |
| Prize Winner Lecture | 32 |
| ਪੰਜਾਬੀਆਂ ਵਸਾਇਆ ਨਵਾਂ ਪੰਜਾਬ | 33 |
| ਜਦੋਂ ਹਿਊਸਟਨ ਰੋ ਪਿਆ | 34 |
| ਨੇਤਾਵਾਂ ਲਈ ਅਸੁਰੱਖਿਅਤ ਪੰਜਾਬ | 35 |
| ਕਵਿਤਾਵਾਂ | 36 |
| ਆਓ ਆਪਣੇ ਗਿਆਨ ਦੀ ਪਰਖ ਕਰੀਏ -ਪ੍ਰਸ਼ਨੋਤਰੀ | 37 |
| ਵਿਦੇਸ਼ ਵਿੱਚ ਬਰਾਦਰੀ ਦਾ ਮਾਣ - ਜੋਤੀ ਸਿੰਘ ਤੰਬੜ | 38 |
| Matrimonials | 39-44 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

## ਸੰਪਾਦਕੀ



# ਗੁਜ਼ਰੇ ਨੂੰ ਨਿੱਘੀ ਅਲਵਿਦਾ, ਨਵੇਂ ਲਈ ਸ਼ੁੱਭ ਇੱਛਾਵਾਂ

ਅਜਮੇਰ ਸਿੰਘ (ਡਾ.)
ਰੂਪਨਗਰ

ਸਾਲ 2019 ਗੁਜ਼ਰ ਗਿਆ। ਨਵੇਂ, 2020 ਦਾ ਆਗਾਜ਼ ਹੋ ਗਿਆ ਹੈ। ਸਮਾ ਅਰੋਕ ਹੈ। ਬਦਲਾਉ ਅਟੱਲ ਹੈ। ਕਦਮ ਅੱਗੇ ਪੁੱਟਣੇ ਹੀ ਪੈਣੇ ਹਨ। ਵਿਗਿਆਨ ਤੇ ਤਕਨਾਲੋਜੀ ਦੀਆਂ ਨਵੀਆਂ ਕਾਢਾਂ ਨੇ ਮਨੁੱਖ ਨੂੰ ਬਹੁਤ ਤੇਜ਼ੀ ਨਾਲ ਪੈਰ ਪੁੱਟਣ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਕਾਹਲੀ ਵਿੱਚ ਮਨੁੱਖ ਦੇ ਫਿਸਲਣ ਦੀ ਸੰਭਾਵਨਾ ਬਹੁਤ ਹੈ। ਇਸ ਲਈ ਆਧੁਨਿਕ ਸਮੇਂ ਹੋਸ਼ ਹਵਾਸ ਨਾਲ ਪੈਰ ਪੁੱਟਣ ਦੀ ਜ਼ਰੂਰਤ ਹੈ। ਕਿਤੇ ਇਹ ਨਾ ਹੋਵੇ ਕਿ ਬੁਲੰਦੀਆਂ ਦੀ ਉਮੀਦ ਲਾਈ ਬੈਠੀ ਮਨੁੱਖ ਜਾਤੀ ਕਿਸੇ ਖਾਈ ਵਿੱਚ ਹੀ ਡਿਗ ਪਵੇ ਅਤੇ ਵਿਗਿਆਨਕ ਤਰੱਕੀ ਮਨੁੱਖ ਲਈ ਵਰ ਦੀ ਬਜਾਏ ਸਰਾਪ ਹੀ ਬਣ ਜਾਵੇ। ਚੰਗਾ ਇਹ ਹੋਵੇਗਾ ਕਿ ਬੀਤੇ ਦੀਆਂ ਖੂਬੀਆਂ ਅਤੇ ਖਾਮੀਆਂ ਤੋਂ ਸਬਕ ਸਿੱਖ ਕੇ ਅੱਗੇ ਕਦਮ ਪੁੱਟੇ ਜਾਣ।

ਸਾਲ 2019 ਵਿੱਚ ਮਨੁੱਖਤਾ ਨੇ ਬੜਾ ਕੁੱਝ ਖੱਟਿਆ ਅਤੇ ਬੜਾ ਕੁੱਝ ਗਵਾਇਆ ਹੈ। ਇਹ ਸਾਲ ਘਟਨਾਭਰਪੂਰ ਰਿਹਾ ਹੈ। ਵਿਸ਼ਵ ਪੱਧਰ 'ਤੇ ਇਸ ਸਾਲ ਵਿੱਚ ਵਿਗਿਆਨੀਆਂ ਨੇ ਨਵੇਂ ਪੁਲਾੜੀ ਯੰਤਰਾਂ ਰਾਹੀਂ ਆਪਣੇ ਦੇਸ਼ਾਂ ਦੀ ਸੁਰੱਖਿਆ ਮਜ਼ਬੂਤ ਕਰਨ ਤੇ ਇੰਟਰਨੈੱਟ ਸੇਵਾਵਾਂ ਨੂੰ ਹੋਰ ਤੇਜ਼ ਕਰਨ, ਲਾਇਲਾਜ ਬਿਮਾਰੀਆਂ ਨੂੰ ਕਾਬੂ ਕਰਨ, ਬੁੱਧੀਵਾਨ ਕੰਮਪਿਊਟਰ ਤਿਆਰ ਕਰਨ ਅਤੇ ਕੁਦਰਤੀ ਕਰੋਪੀਆਂ ਦਾ ਸਾਹਮਣਾ ਕਰਨ ਵੱਲ ਵਰਣਨਯੋਗ ਪੁਲਾਂਘਾਂ ਪੁੱਟੀਆਂ ਹਨ। ਪਰ ਵਿਕਾਸ ਦੀ ਇਸ ਅੰਨ੍ਹੀ ਦੌੜ ਵਿੱਚ ਧਰਤੀ ਦੇ ਵਾਤਾਵਰਨ ਨੂੰ ਇੰਨਾ ਪ੍ਰਦੂਸ਼ਿਤ ਕਰ ਗਏ ਕਿ ਵਿਸ਼ਵ ਦੇ ਬੱਚਿਆਂ ਨੂੰ ਚੀਕਾਂ ਮਾਰ ਮਾਰ ਕੇ ਪੁਕਾਰ ਕਰਨੀ ਪਈ, ' ਭਵਿੱਖ ਬਣਾਉਣ ਲਈ ਪੜ੍ਹਨ ਦਾ ਭਲਾ ਕੀ ਮਤਲਬ ਜੇ ਕੋਈ ਭਵਿੱਖ ਹੀ ਨਹੀਂ'। ਸਵੀਡਨ ਦੀ 16 ਸਾਲਾ ਵਿਦਿਆਰਥਣ ਗਰੇਟਾ ਥਨਬਰਗ ਨੇ ਤਾਂ ਸੋਸ਼ਲ ਮੀਡੀਆ 'ਤੇ 'ਫਰਾਈਡੇਅ ਫਾਰ ਫਿਊਚਰ' ਅਤੇ ਕਲਾਈਮੇਟ ਸਟਰਾਈਕ' ਮੁਹਿੰਮਾਂ ਰਾਹੀਂ ਵਿਸ਼ਵ ਦੇ ਰਾਜਨੀਤਿਕ ਨੇਤਾਵਾਂ ਨੂੰ ਝਾੜ ਪਾਉਂਦਿਆਂ ਵੰਗਾਰ ਕੀਤੀ ਹੈ, 'ਤੁਸੀਂ ਸਾਨੂੰ ਦਿੱਤਾ ਹੀ ਕੀ ਹੈ? ਭਾਰਤ ਦੇ ਮਨੀਪੁਰ ਸੂਬੇ ਦੀ 8 ਸਾਲਾ ਬੱਚੀ ਲਿਸੀਪ੍ਰਿਆ ਕੰਗੁਜਾਮ ਨੇ ਸਪੇਨ ਵਿਖੇ ਜਲਵਾਯੂ ਤਬਦੀਲੀ ਬਾਰੇ ਹੋਈ ਸੰਯੁਕਤ ਰਾਸ਼ਟਰ ਦੀ 25ਵੀਂ ਕਾਨਫਰੰਸ ਆਫ ਪਾਰਟੀਜ਼ ( ਸੀਓਪੀ25) ਵਿੱਚ ਵਿਸ਼ਵਭਰ ਦੇ ਨੇਤਾਵਾਂ ਸਾਹਮਣੇ ਭਾਸ਼ਣ ਦਿੰਦਿਆਂ ਗਰੀਨ ਹਾਊਸ ਗੈਸਾਂ ਦਾ ਉਤਪਾਦਨ ਘੱਟ ਕਰ ਕੇ ਬੱਚਿਆਂ ਦੇ ਭਵਿੱਖ ਨੂੰ ਬਚਾਉਣ ਦੀ ਦੁਹਾਈ ਪਾਈ ਹੈ। ਵਿਸ਼ਵਭਰ ਦੇ 153 ਮੁਲਕਾਂ ਦੇ 11 ਹਜ਼ਾਰ ਤੋਂ ਵੱਧ ਵਿਗਿਆਨੀਆਂ ਨੇ 'ਜਲਵਾਯੂ ਐਮਰਜੈਂਸੀ' ਦਾ ਐਲਾਨ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇ ਬੇਲੋੜੀਆਂ ਮਨੁੱਖੀ ਇੱਛਾਵਾਂ ਦੀ ਪੂਰਤੀ ਹਿਤ ਐਸ਼ੋਆਰਾਮ ਦੀਆਂ ਵਸਤਾਂ ਤਿਆਰ ਕਰਨ ਲਈ ਵਰਤਮਾਨ ਦਰ 'ਤੇ ਗਰੀਨ ਹਾਊਸ ਗੈਸਾਂ ਦਾ ਨਿਕਾਸ ਜਾਰੀ ਰਿਹਾ ਤਾਂ ਨਿਕਟ ਭਵਿੱਖ ਵਿੱਚ ਹੀ ਵਾਤਾਵਰਨ ਦਾ ਤਾਪਮਾਨ ਵਧਣ ਨਾਲ-ਧਰੁਵੀ ਗਲੇਸ਼ੀਅਰਾਂ ਦੀ ਬਰਫ ਪਿਘਲ ਜਾਵੇਗੀ ਜਿਸ ਨਾਲ ਦਰਿਆਵਾਂ ਵਿੱਚ ਭਿਆਨਕ ਹੜ੍ਹ ਆਉਣਗੇ, ਸਮੁੰਦਰ ਵਿੱਚ ਪਾਣੀ ਦਾ ਪੱਧਰ ਇੰਨਾ ਉੱਚਾ ਹੋ ਜਾਵੇਗਾ ਕਿ ਕਈ ਦੇਸ਼ਾਂ ਦੇ ਤੱਟਵਰਤੀ ਇਲਾਕੇ ਡੁੱਬ ਜਾਣਗੇ, ਸੂਰਜ ਦੀ ਅਸਹਿ ਤਪਸ਼ ਨੂੰ ਮਨੁੱਖੀ ਸਰੀਰ, ਬਨਸਪਤੀ ਤੇ ਜੀਵ-ਜੰਤੂ ਸਹਾਰ ਨਹੀਂ ਸਕਣਗੇ। ਨਵਾਂ ਸਾਲ ਵਿਸ਼ਵ ਦੇ ਨੇਤਾਵਾਂ ਨੂੰ ਸੁਮੱਤ ਬਖਸ਼ੇ ਕਿ ਉਹ ਕੇਵਲ ਆਪਣੇ ਦੇਸ਼ ਦੀ ਆਰਥਿਕ ਤਰੱਕੀ ਲਈ ਸੋਚਣ ਦੀ ਬਜਾਏ ਪੂਰੀ ਮਾਨਵਤਾ ਦੀ ਭਲਾਈ ਹਿਤ ਵਾਤਾਵਰਨ ਨੂੰ ਬਚਾਉਣ ਲਈ ਕਾਰਗਰ ਉਪਰਾਲੇ ਕਰਨ।

ਭਾਰਤ ਵਿੱਚ ਵੀ ਗੁਜ਼ਰੇ ਸਾਲ ਬਹੁਤ ਸਰਗਰਮੀਆਂ ਹੋਈਆਂ ਹਨ। ਪ੍ਰਧਾਨ ਮੰਤਰੀ ਜੀ ਨੇ ਵਿਦੇਸ਼ਾਂ ਵਿੱਚ ਤੂਫਾਨੀ ਦੌਰੇ ਕਰ ਕੇ ਦਰਜਣਾ ਵਪਾਰਕ, ਰਾਜਨੀਤਿਕ ਤੇ ਸੁਰੱਖਿਆ ਸਮਝੌਤੇ ਕੀਤੇ, ਲੋਕਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਲੈਣ-ਦੇਣ ਆਨਲਾਈਨ ਕਰਨ ਲਈ ਉਤਸ਼ਾਹਿਤ ਕੀਤਾ, ਵਿਗਿਆਨੀਆਂ ਨੇ ਚੰਦਰਯਾਨ ਮਿਸ਼ਨ-2 ਰਾਹੀਂ ਦੇਸ਼ ਨੂੰ ਪੁਲਾੜੀ ਖੇਤਰ ਵਿੱਚ ਚੌਥਾ ਸਥਾਨ ਦਿਵਾਉਣ ਦੀ ਕੋਸ਼ਿਸ਼ ਕੀਤੀ, ਭਾਰਤੀ ਫੌਜਾਂ ਨੇ ਪਾਕਿਸਤਾਨ ਵਿੱਚ ਬਾਲਾਕੋਟ ਦੇ ਦਹਿਸ਼ਤੀ ਕੈਂਪ 'ਤੇ ਡਰੋਨ ਹਮਲਾ ਕਰ ਕੇ ਗਵਾਂਢੀ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ, ਕਸ਼ਮੀਰੀ ਲੋਕਾਂ ਨੂੰ ਮਹੀਨਿਆਂਬੱਧੀ ਆਪਣੇ ਘਰਾਂ ਵਿੱਚ ਬੰਦ ਰੱਖ ਕੇ ਉਨ੍ਹਾਂ ਨੂੰ ਦੇਸ਼-ਭਗਤੀ ਦਾ ਸਬਕ ਸਿਖਾਇਆ, ਸਰਕਾਰ ਦੇ ਵਤਨਪ੍ਰਸਤੀ ਅਜੈਂਡੇ ਦੇ ਰਾਸਤੇ ਵਿੱਚ ਅੜਿੱਕੇ ਡਾਹੁਣ ਵਾਲੇ ਬੁੱਧੀਜੀਵੀ 'ਸ਼ਹਿਰੀ ਨੈਕਸੇਲਾਈਟਾਂ''ਤੇ ਦੇਸ਼ਧ੍ਰੋਹ ਵਾਲੀਆਂ ਕਾਨੂੰਨੀ ਧਾਰਾਵਾਂ ਲਾ ਕੇ ਉਨ੍ਹਾਂ ਦਾ ਮੂੰਹ ਬੰਦ ਕੀਤਾ, ਨਾਗਰਿਕਤਾ ਸੋਧ ਬਿੱਲ ਪੇਸ਼ ਕਰ ਕੇ ਅਤੇ ਕੌਮੀ ਨਾਗਰਿਕ ਰਜਿਸਟਰ ਤਿਆਰ ਕਰਨ ਦਾ ਐਲਾਨ ਕਰ ਕੇ ਦੇਸ਼ ਵਿੱਚੋਂ ਇੱਕ ਵਿਸ਼ੇਸ਼ ਧਾਰਮਿਕ ਫਿਰਕੇ ਦੀ ਆਬਾਦੀ ਨੂੰ ਨਿਯਮਬੱਧ ਕਰਨ ਦਾ ਅਹਿਦ ਲਿਆ, ਦੇਸ਼ ਨੂੰ ਅਗਲੇ ਪੰਜ ਸਾਲਾਂ ਵਿੱਚ 5 ਟ੍ਰਿਲਿਅਨ ਡਾਲਰ ਦੀ ਆਰਥਿਕ ਸ਼ਕਤੀ ਬਣਾਉਣ ਦਾ ਟੀਚਾ ਪ੍ਰਾਪਤ ਕਰਨ ਹਿਤ ਧਨਾਢ ਉਦਯੋਗਪਤੀਆਂ ਲਈ ਰਾਹ ਪੱਧਰਾ ਕੀਤਾ। ਇਸ ਸਭ ਕੁੱਝ ਦੇ ਬਾਵਜ਼ੂਦ ਦੇਸ਼ ਦੀ ਜੀ.ਡੀ.ਪੀ. ਖਤਰਨਾਕ ਨਿਚਲੇ ਪੱਧਰ, 4.5 'ਤੇ ਪਹੁੰਚ ਗਈ, ਬੇਰੁਜ਼ਗਾਰੀ ਪਿਛਲੇ 40 ਸਾਲਾਂ ਵਿੱਚ ਸਭ ਤੋਂ ਵੱਧ, 6.1% ਹੋ ਗਈ, ਦੇਸ਼ ਭੁੱਖਮਰੀ ਦੇ ਵਿਸ਼ਵ ਇੰਡੈਕਸ ਵਿੱਚ ਹੋਰ ਥੱਲੇ ਖਿਸਕ ਤੇ 102ਵੇਂ ਸਥਾਨ 'ਤੇ ਆ ਗਿਆ ਹੈ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਇਸ ਦੀ 22%

ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੀ ਹੈ। ਦੇਸ਼ ਦੀ ਸਰਵਉੱਚ ਅਦਾਲਤ ਨੇ ਧਾਰਮਿਕ ਬਹੁਗਿਣਤੀ ਦੀ ਸ਼ਰਧਾ ਦੇ ਮੱਦੇਨਜ਼ਰ ਬਾਬਰੀ ਮਸਜਿਦ ਕੇਸ ਦਾ ਨਿਪਟਾਰਾ ਕਰ ਦਿੱਤਾ ਹੈ। ਹੁਣ ਇਸ ਸਥਾਨ 'ਤੇ ਰਾਮ ਮੰਦਰ ਬਣੇਗਾ, ਭਗਵਾਨ ਰਾਮ ਦੀ ਮੂਰਤੀ-ਪੂਜਾ ਹੋਵੇਗੀ। ਪਰ ਦੇਸ਼ ਵਿੱਚ ਹਰ ਰੋਜ਼ 100 ਤੋਂ ਵੱਧ ਸੀਤਾ-ਮਾਤਾ ਰੂਪੀ ਔਰਤਾਂ ਦਾ ਅਪਹਰਨ ਤੇ ਚੀਰਹਰਨ ਕੀਤਾ ਜਾ ਰਿਹਾ ਹੈ। ਰਾਵਣ ਤੋਂ ਕਿਤੇ ਵੱਧ ਮਾੜੇ ਦੁਰਜਨ ਬੇਖੌਫ ਦਹਾੜਦੇ ਫਿਰ ਰਹੇ ਹਨ। ਹੈਦਰਾਬਾਦ ਅਤੇ ਉਨਾਵ ਵਿੱਚ ਬਲਾਤਕਾਰ ਦੀਆਂ ਸ਼ਿਕਾਰ ਬੇਗੁਨਾਹ ਔਰਤਾਂ ਜਾਨ ਦੀ ਖੈਰ ਮੰਗਦੀਆਂ ਮਰ ਗਈਆਂ। ਵਿਸ਼ਵ ਦੀ ਮੁੱਖ ਮੀਡੀਆ ਸੰਸਥਾ ਨੇ ਭਾਰਤ ਨੂੰ 'ਔਰਤਾਂ ਲਈ ਸਭ ਤੋਂ ਵੱਧ ਅਸੁਰੱਖਿਅਤ ਦੇਸ਼' ਕਰਾਰ ਦਿੱਤਾ ਹੈ। ਵਰਲਡ ਇਕਨਾਮਿਕ ਫੋਰਮ ਦੀ ਰਿਪੋਰਟ ਅਨੁਸਾਰ ਔਰਤ-ਪੁਰਸ਼ ਬਰਾਬਰੀ ਵਿੱਚ ਭਾਰਤ ਪਿਛਲੇ ਸਾਲ ਦੇ 108ਵੇਂ ਸਥਾਨ ਤੋਂ ਖਿਸਕ ਕੇ 112ਵੇਂ ਸਥਾਨ 'ਤੇ ਚਲੇ ਗਿਆ ਹੈ ਜੋ ਕਿ ਬੰਗਲਾ ਦੇਸ਼ (50ਵਾਂ) ਤੇ ਲੰਕਾ(102ਵਾਂ) ਨਾਲੋਂ ਵੀ ਨੀਵਾਂ ਹੈ। ਇਸ ਲਈ ਲੋੜ ਹੈ ਕਿ ਨਵੇਂ ਸਾਲ ਵਿੱਚ- ਦੇਸ਼ ਦੀ ਅਰਥ ਵਿਵਸਥਾ ਨੂੰ ਲੀਹ 'ਤੇ ਲਿਆਉਣ ਲਈ ਆਪਣਾ 'ਮੈਂ ਨਾ ਮਾਨੂੰ' ਵਾਲਾ ਵਤੀਰਾ ਛੱਡ ਕੇ ਵਿਸ਼ਵਪੱਧਰੀ ਭਾਰਤੀ ਅਰਥਸ਼ਾਸਤ੍ਰੀਆਂ ਦੀ ਯੋਗ ਸਲਾਹ ਲਈ ਜਾਵੇ, ਅੰਧਰਾਸ਼ਟਰਵਾਦ ਨੂੰ ਤਿਆਗ ਕੇ ਗਵਾਂਢੀ ਮੁਲਕ ਨਾਲ 'ਜੀਓ ਤੇ ਜੀਨੇ ਦੋ' ਦਾ ਵਿਹਾਰ ਕੀਤਾ ਜਾਵੇ, ਦੇਸ਼ ਵਿੱਚ ਬੌਧਿਕ ਅਸਹਿਨਸ਼ੀਲਤਾ ਤੇ ਸੰਪਰਦਾਇਕਤਾ ਦਾ ਦਹਿਸ਼ਤੀ ਮਾਹੌਲ ਖਤਮ ਕਰ ਕੇ ਸਾਰੇ ਨਾਗਰਿਕਾਂ ਵਿੱਚ 'ਹਮਾਰਾ ਭਾਰਤ ਮਹਾਨ' ਦੀ ਭਾਵਨਾ ਪੈਦਾ ਕੀਤੀ ਜਾਵੇ, ਦੇਸ਼ ਦੇ ਸੰਵਿਧਾਨ ਦੀ ਖਿੱਲੀ ਉਡਾਉਣ ਵਾਲੇ ਅਖੌਤੀ ਦੇਸ਼-ਭਗਤਾਂ ਨੂੰ ਨੱਥ ਪਾਈ ਜਾਵੇ ਅਤੇ ਔਰਤ ਨੂੰ ਆਜ਼ਾਦੀ ਨਾਲ ਵਧਣ-ਫੁੱਲਣ ਦੇ ਮੌਕੇ ਦੇ ਕੇ ਉਸ ਦਾ ਸਸ਼ਕਤੀਕਰਨ ਕੀਤਾ ਜਾਵੇ ਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ।

ਸਮਾਜਿਕ, ਰਾਜਨੀਤਿਕ ਤੇ ਆਰਥਿਕ ਪੱਖੋਂ ਸਾਲ 2019 ਪੰਜਾਬ ਲਈ ਸੁਖਦ ਨਹੀਂ ਰਿਹਾ। ਸੂਬੇ ਦੀ ਸਰਕਾਰ ਪਹਿਲਾਂ ਹੀ ਚੱਲੇ ਆ ਰਹੇ ਕੁਪ੍ਰਬੰਧ ਵਿੱਚ ਕੋਈ ਸੁਧਾਰ ਨਹੀਂ ਕਰ ਸਕੀ। ਖੇਤੀ-ਬਾੜੀ ਘਾਟੇ ਦਾ ਸੌਦਾ ਹੋ ਗਿਆ ਹੈ ਜਿਸ ਕਾਰਨ ਦੇਸ਼ ਦਾ ਅੰਨਦਾਤਾ ਮਿਹਨਤੀ ਕਿਸਾਨ ਤੇ ਖੇਤ-ਮਜ਼ਦੂਰ ਕਰਜ਼ੇ ਹੇਠ ਦੱਬੇ ਖੁਦਕਸ਼ੀਆਂ ਦੇ ਰਾਹ ਪੈ ਗਏ ਹਨ। ਬੇਰੁਜ਼ਗਾਰੀ ਤੋਂ ਸਤਾਏ ਪੜ੍ਹੇ-ਲਿਖੇ ਪੰਜਾਬੀ ਨੌਜਵਾਨਾਂ ਅਤੇ ਭ੍ਰਿਸ਼ਟਾਚਾਰੀ ਲੁੱਟਖਸੁੱਟ ਤੋਂ ਅੱਕੇ ਲੋਕਾਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਲਈਆਂ ਹਨ, ਸੂਬੇ ਦਾ ਮਾਇਕ ਤੇ ਬੌਧਿਕ ਉਜਾੜਾ ਹੋ ਰਿਹਾ ਹੈ। ਰਾਜਨੀਤਿਕ ਨੇਤਾਵਾਂ ਦੀ ਸ਼ਹਿ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਸਮਾਜਵਿਰੋਧੀ ਨਸ਼ਿਆਂ ਦੇ ਵਪਾਰੀਆਂ ਨੇ ਨੌਜਵਾਨਾਂ ਨੂੰ ਆਪਣੀ ਚੁੰਗਲ ਵਿੱਚ ਫਸਾ ਕੇ ਮੌਤ ਦੇ ਰਾਹ ਪਾ ਦਿੱਤਾ ਹੈ। ਸੂਬਾ ਗੈਂਗਸਟਰਾਂ ਦਾ ਗੜ੍ਹ ਬਣ ਗਿਆ ਹੈ। ਪੰਜਾਬੀ ਸੱਭਿਆਚਾਰ ਤੇ ਵਰਕ ਕਲਚਰ ਖਤਮ ਹੋਣ ਕਿਨਾਰੇ ਹੈ। ਸਿੱਖਿਆ ਅਤੇ ਸਿਹਤ ਦੇ ਨਿਜੀਕਰਨ ਨੇ ਲੋਕਾਂ ਦਾ ਦਿਵਾਲਾ ਕੱਢ ਦਿੱਤਾ ਹੈ। ਪਰਿਵਾਰਕ ਝਗੜਿਆਂ ਦੀ ਗਿਣਤੀ ਪੱਖੋਂ ਪੰਜਾਬ ਦਾ ਭਾਰਤ ਵਿੱਚ ਪਹਿਲਾ ਸਥਾਨ ਹੈ ਜਦੋਂਕਿ ਖੇਡਾਂ ਵਿੱਚ ਬਹੁਤ ਪਿੱਛੇ ਰਹਿ ਗਿਆ ਹੈ। ਪੰਜਾਬ ਦੇ ਬਹੁਤੇ ਨੇਤਾ ਅਰਬਪਤੀ ਬਣ ਗਏ ਹਨ ਜਦੋਂਕਿ ਪੰਜਾਬ 2 ਲੱਖ 29 ਹਜ਼ਾਰ ਕਰੋੜ ਰੁਪਏ ਦਾ ਕਰਜ਼ਈ ਹੋ ਗਿਆ ਹੈ। ਪੰਜਾਬ ਵਿੱਚ ਵਿਤੀ ਐਮਰਜੈਂਸੀ ਹੈ ਜਿਸ ਕਾਰਨ ਮੁਲਾਜ਼ਮਾਂ ਨੂੰ ਤਨਖਾਹ ਦੇਣ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ। ਸਭ ਤੋਂ ਮਾੜੀ ਗੱਲ ਕਿ ਨੇਤਾਵਾਂ ਨੇ ਲੋਕਾਂ ਬਾਰੇ ਸੋਚਣਾ ਹੀ ਬੰਦ ਕਰ ਦਿੱਤਾ ਹੈ।

ਸਾਲ 2019 ਨਾਨਕ ਨਾਮਲੇਵਾ ਸ਼ਰਧਾਲੂਆਂ ਲਈ ਭਾਗਸ਼ਾਲੀ ਰਿਹਾ। ਸੰਗਤ ਦੀਆਂ ਅਰਦਾਸਾਂ, ਦੋਵੇਂ ਦੇਸ਼ਾਂ ਦੀ ਸਿਆਣਪ ਅਤੇ ਕੁੱਝ ਨੇਤਾਵਾਂ ਦੀ ਨਿਜੀ ਮਿੱਤਰਤਾ ਸਦਕਾ ਕਰਤਾਰਪੁਰ ਲਾਂਘਾ ਖੁੱਲ੍ਹ ਗਿਆ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮ ਸਾਰਾ ਸਾਲ ਚੱਲਦੇ ਰਹੇ। ਬਾਬਾ ਨਾਨਕ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਪ੍ਰਭਾਵਸ਼ਾਲੀ ਅੰਤਰਰਾਸ਼ਟਰੀ ਨਗਰ ਕੀਰਤਨ, ਵਿਸ਼ਾਲ ਧਾਰਮਿਕ ਸਮਾਗਮ, ਵਿਚਾਰਗੋਸ਼ਠੀਆਂ,'ਰੌਸ਼ਨੀ ਤੇ ਆਵਾਜ਼' ਅਤੇ ਲੇਜ਼ਰ ਸ਼ੋਅ ਹੋਏ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਰੋੜਾਂ ਰੁਪਏ ਦੇ ਆਲੀਸ਼ਾਨ ਪੰਡਾਲ ਬਣਾਏ। ਲੱਖਾਂ ਵਿੱਚ ਸ਼ਾਮਲ ਹੋਏ ਸ਼ਰਧਾਲੂਆਂ ਨੇ ਮਾਇਆ ਦੇ ਢੇਰ ਲਗਾ ਦਿੱਤੇ। ਸੁਲਤਾਨਪੁਰ ਲੋਧੀ ਨਾਨਕ ਰੰਗ ਵਿੱਚ ਰੰਗਿਆ ਜਾਪਿਆ।

ਪੰਜਾਬ ਤਾਂ ਜਿਉਂਦਾ ਹੀ ਗੁਰਾਂ ਦੇ ਨਾਂ 'ਤੇ ਹੈ। ਬਾਬਾ ਨਾਨਕ 2020 ਵਿੱਚ ਪੰਜਾਬ ਦੀ ਡੁੱਬਦੀ ਬੇੜੀ ਜ਼ਰੂਰ ਪਾਰ ਲਗਾਏਗਾ। ਪਰ ਇਸ ਕਿਰਪਾ ਲਈ ਸਰਕਾਰ ਅਤੇ ਲੋਕਾਂ ਨੂੰ ਮਿਲ ਕੇ ਹੰਭਲਾ ਮਾਰਨਾ ਪਏਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨ-ਮਜ਼ਦੂਰ ਦੀ ਬਾਂਹ ਫੜੇ, ਨੌਜਵਾਨਾਂ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰੇ, ਪੂਰੀ ਇਮਾਨਦਾਰੀ ਤੇ ਬਿਨਾਂ ਪੱਖਪਾਤ ਤੋਂ ਭ੍ਰਿਸ਼ਟਾਚਾਰ ਨੂੰ ਕਰੜੇ ਹੱਥੀਂ ਲਵੇ, ਨਸ਼ਿਆਂ ਦੇ ਵਪਾਰੀਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਨੱਥ ਪਾਵੇ, ਰੇਤ-ਬਜਰੀ ਦੀ ਚੋਰ ਬਾਜ਼ਾਰੀ ਤੇ ਟੈਕਸ-ਚੋਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸ ਕੇ ਸਰਕਾਰੀ ਆਮਦਨ ਵਧਾਵੇ ਅਤੇ ਬੇਲੋੜੇ ਸਰਕਾਰੀ ਖਰਚ ਘਟਾਵੇ। ਨੇਤਾਵਾਂ ਤੇ ਲੋਕਾਂ ਦਾ ਫਰਜ਼ ਹੈ ਕਿ ਉਹ ਬਾਬਾ ਨਾਨਕ ਦੀਆਂ ਸਿੱਖਿਆਵਾਂ- ' ਕਿਰਤ ਕਰੋ' 'ਵੰਡ ਛਕੋ' 'ਘਾਲਿ ਖਾਇ ਕਿਛੁ ਹਥਹੁ ਦੇਇ..''ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' 'ਸਭਨਾ ਜੀਆ ਕਾ ਇਕੁ ਦਾਤਾ..' ਨੂੰ ਆਪਣੀ ਜੀਵਨ ਜਾਚ ਬਣਾਉਣ।

ਵਿਸ਼ਵਭਰ ਦੇ ਰਾਜਨੀਤਿਕ ਨੇਤਾ, ਵਿਗਿਆਨੀ,

ਆਰਥਿਕ ਮਾਹਿਰ, ਧਾਰਮਿਕ ਆਗੂ, ਬੁੱਧੀਜੀਵੀ ਤੇ ਹੋਰ ਮਾਨਵਵਾਦੀ ਸੰਗਠਨ ਜੇ ਪੂਰੀ ਦਿਆਨਤਦਾਰੀ ਤੇ ਸੁਹਿਰਦਤਾ ਨਾਲ ਆਪਸੀ ਸਹਿਯੋਗ ਕਰ ਕੇ ਉਪਰਾਲੇ ਕਰਨ ਤਾਂ ਮਨੁੱਖ ਜਾਤੀ ਲਈ ਘਾਤਕ ਪ੍ਰਦੂਸ਼ਨ, ਭੁੱਖਮਰੀ, ਕੁਦਰਤੀ ਕ੍ਰੋਪੀਆਂ, ਜੰਗਾਂ, ਬਿਮਾਰੀਆਂ ਤੇ ਬੇਰੁਜ਼ਗਾਰੀ ਆਦਿ ਅਲਾਮਤਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਹੀ ਨਵੇਂ ਸਾਲ, 2020 ਲਈ ਸ਼ੁੱਭ ਇਛਾਵਾਂ ਹਨ।

❊ ❊ ❊

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 2 ਜਨਵਰੀ, 2020 ਦੀਆਂ ਲੱਖ ਲੱਖ ਵਧਾਈਆਂ



ਐ ਸਤਿਗੁਰੂ ਗੋਬਿੰਦ! ਤੂੰ ਵੁਹ ਅਬਰਿ ਕਰਮ ਹੈ,
ਐ ਸਤਿਗੁਰੂ ਗੋਬਿੰਦ! ਤੂੰ ਵੁਹ ਅਬਰਿ ਹਮਾਮ ਹੈ।
ਸਾਨੀ ਤੇਰਾ ਦਾਰਾ ਥਾ ਨ ਸਿਕੰਦਰ ਹੈ ਨ ਜਮ ਹੈ,
ਖਾਤਾ ਤੇਰੇ ਕਦਮੋਂ ਕੀ ਫਰੀਦੂੰ ਭੀ ਕਸਮ ਹੈ।

-ਹਕੀਮ ਅੱਲ੍ਹਾ ਯਾਰ ਖਾਂ ਜੋਗੀ

ਚੁੱਕੀ ਕਲਮ ਕਿ
ਪਰਵਾਰ ਕਲਗੀਆਂ ਵਾਲੇ ਬਾਬਤ
ਜੋੜੀਏ ਸ਼ਬਦ ਸੁਨਹਿਰੀ
ਪਰ ਸੋਚ ਮੰਡਲ ਹਾਰੀ
ਨਾ ਵੱਜੇ ਆਤਮਿਕ ਉਡਾਰੀ
ਇਹ ਸ਼ਹਾਦਤਾਂ ਨੇ ਭਾਰੀ
ਨਾ ਲੱਭੇ ਸ਼ਬਦਾਵਲੀ ਪਿਆਰੀ
ਰੁਕ ਲਈ ਕਲਮ ਬੇਚਾਰੀ

-ਹਰਜੋਤ ਸਿੰਘ, ਬ੍ਰਿਸਬਨ (ਅਸਟ੍ਰੇਲੀਆ)



## ਗੁਰੂ ਬਾਬੇ ਦਾ ਪੁਰਬ ਮਨਾਈਏ

ਡਾ. ਰਣਜੀਤ ਸਿੰਘ ਤੰਬੜ
ਲੁਧਿਆਣਾ

ਇੱਕ ਸਮਾਂ ਅਜਿਹਾ ਵੀ ਆਇਆ, ਚਾਨਣ ਦੀ ਜਦ ਮੌਤ ਹੋਈ ਸੀ,

'ਨ੍ਹੇਰੇ ਦੀ ਬੁੱਕਲ ਵਿਚ ਬਹਿ ਕੇ, ਸਮੇਂ ਦੀ ਤਦ ਅੱਖ ਰੋਈ ਸੀ।

ਕਾਲਖ ਦੀ ਚਾਦਰ ਸੀ ਪਸਰੀ, ਤਾਰੇ ਵੀ ਚੁੱਪ ਬੈਠੇ ਸਨ,

ਥੰਮ੍ਹ ਜੱਗ ਦੇ ਭਗਤ ਰੱਬ ਦੇ, ਡਰੇ ਹੋਏ ਚੁੱਪ ਬੈਠੇ ਸਨ।

ਕੂੜ ਅਮਾਵਸ ਕੀਤਾ ਨ੍ਹੇਰਾ, ਸੱਚ ਨੂੰ ਕਿਤੇ ਮਿਲੇ ਨਾ ਢੋਈ,

ਦਾਦ ਫ਼ਰਿਆਦ ਨਾ ਸੁਣਦਾ ਕੋਈ, ਜਿਸ ਹੱਥ ਲਾਠੀ ਮਾਲਕ ਸੋਈ।

ਸਕਤੇ ਸ਼ੀਹ ਬਣੇ ਸਨ ਬੈਠੇ, ਪਰਜਾ ਬੇਵਸ ਵਾਂਗ ਗਊ ਦੇ,

ਜਿਸ ਨੂੰ ਚਾਹੁਣ ਮੂੰਹ ਉਹ ਮਾਰਨ, ਪੀਂਦੇ ਸਨ ਉਹ ਘੁੱਟ ਲਹੂ ਦੇ।

ਹਨੇਰੇ ਪੱਖ ਦੇ ਵਿਚੋਂ ਆਖਿਰ, ਚਾਨਣ ਸੋਮਾਂ ਪ੍ਰਗਟ ਹੋਇਆ,

ਸਦੀ ਪੰਦ੍ਰਵੀ ਸਾਲ ਉਨੱਤਰ, ਤਾਰੇ ਛਿਪੇ ਹਨੇਰ ਪਲੋਆ।

ਨਾ ਉਹ ਹਿੰਦੂ ਨਾ ਉਹ ਮੋਮਨ, ਨਾਮ ਉਸ ਦਾ ਨਾਨਕ ਰੱਖਿਆ,

ਨਿਰਭਊ, ਨਿਰਵੈਰ ਹੋ ਕੇ ਜਿਸ ਨੇ, ਸੱਚ ਧਰਮ ਦਾ ਰਾਹ ਸੀ ਫੜਿਆ।

ਕਿਰਤ ਨੂੰ ਬਾਬੇ ਮਾਣ ਬਖ਼ਸ਼ਿਆ, ਕਿਰਤੀ ਗਲੇ ਲਗਾਇਆ,

ਕਿਰਤ ਬਿਨ ਗਿਆਨ ਅਧੂਰਾ, ਬਾਬੇ ਨਾਨਕ ਇਹ ਸਮਝਾਇਆ।

ਜਿਨ੍ਹਾਂ ਨੂੰ ਉਸ ਕਿਰਤ ਸਿਖਾਈ, ਉਨ੍ਹਾਂ ਨੇ ਹੈ ਮੂੰਹ ਮੋੜਿਆ,

ਆਗੂ ਵੀ ਏਹੋ ਹੀ ਕਰਦੇ, ਸਭਨਾ ਨੇ ਹੈ ਧਰਮ ਛੋੜਿਆ।

ਪੈਦਲ ਤੁਰ ਉਸ ਅੱਟਣ ਪੁਆਏ, ਭੁੱਲੇ ਭਟਕੇ ਸੀ ਰਾਹੇ ਪਾਏ,

ਉਸ ਦੇ ਸੰਤ ਉਡਾਰੀਆਂ ਭਰਦੇ, ਵੱਡੇ ਵੱਡੇ ਭਵਨ ਬਣਾਏ।

ਅਗੇ ਪਿੱਛੇ ਫਿਰਨ ਰਖਵਾਲੇ , ਵੱਡੇ ਘਰਾਂ ਵਿੱਚ ਡੇਰੇ ਲਾਉਂਦੇ,

ਧਨ ਦੌਲਤ ਦੀ ਹੈ ਵਡਿਆਈ, ਲਾਲੋ ਵਰਗੇ ਕਦੇ ਨਾ ਭਾਉਂਦੇ।

ਸ਼ਬਦ ਗੁਰੂ ਤੋਂ ਟੁੱਟਦੇ ਜਾਂਦੇ, ਵਹਿਮਾਂ ਭਰਮਾਂ ਵਿਚ ਨੇ ਰੁੱਝੇ,

ਗੁਰ ਸਿੱਖਿਆ ਤੋਂ ਹੋਏ ਦੂਰ, ਭੁੱਲੇ ਭਟਕਿਆਂ ਰਾਹ ਨਾ ਸੁੱਝੇ।

ਜਾਗੋ ਲੋਕੋ ਜਾਗੋ, ਉਸ ਬਾਬੇ ਦਾ ਪੁਰਬ ਮਨਾਈਏ,

ਉਸ ਵਰਗੇ ਸਿਰਜੇ ਪੰਜਾਬ ਨੂੰ, ਮੁੜ ਕੇ ਫਿਰ ਵਸਾਈਏ।

❊ ❊ ❊



## ਕਹਾਣੀ - ਰੱਖਿਆ ਕਵਚ

**ਮਨਜੀਤ ਕੌਰ ਅੰਬਾਲਵੀ**
ਅੰਬਾਲਾ ਸ਼ਹਿਰ

ਪਹਾੜੀ ਦੀ ਨਿਵਾਣ ਵੱਲ ਉਹ ਬੱਕਰੀਆਂ ਤੇ ਭੇਡਾਂ ਦੇ ਇੱਜੜ ਨੂੰ ਚਾਰਦੀ, ਸ਼ੀ......ਸ਼ੀ......ਸ਼ੀ, ਸ਼ਿਸ਼ਕਾਰੇ ਮਾਰਦੀ, ਬਿਲਕੁਲ ਬੇਖ਼ਬਰ ਘੁੰਮ ਰਹੀ ਸੀ। ਉਸ ਨੇ ਅੱਜ ਕਾਲੇ ਰੰਗ ਦਾ ਕਮੀਜ਼, ਗੁਲਾਬੀ ਸਲਵਾਰ, ਸਿਰ ਉੱਤੇ ਗੁਲਾਬੀ ਰੰਗ ਦਾ ਸਕਾਰਫ਼ ਬੰਨ੍ਹਿਆ ਹੋਇਆ ਸੀ। ਉਹ ਹਿਰਨੀ ਵਾਂਗ ਚੁੰਗੀਆਂ ਭਰਦੀ, ਮੂੰਹ ਵਿਚ ਕੁਝ ਗੁਣਗੁਣਾਉਂਦੀ ਬਿਨਾਂ ਕਿਸੇ ਡਰ ਤੋਂ ਨਿਰਭੈ ਹੋ ਘੁੰਮ ਰਹੀ ਸੀ। ਉਸ ਦੀ ਉਮਰ ਕੋਈ ਵੀਹਾਂ ਸਾਲਾਂ ਦੀ ਹੋਵੇਗੀ। ਰੰਗ ਸਚਮੁੱਚ ਹੀ ਕਸ਼ਮੀਰੀ ਸਿਓ ਵਰਗਾ, ਦੰਦ ਮੋਤੀਆਂ ਵਰਗੇ, ਗਰਦਨ ਸੁਰਾਹੀ ਵਰਗੀ, ਉਸਦੇ ਨੈਣ-ਨਕਸ਼ ਸਲੀਕੇ ਨਾਲ ਤਰਾਸ਼ੇ ਗਏ ਸਨ।

ਦੋ ਦਿਨਾਂ ਤੋਂ ਉਹ ਦਿਖਾਈ ਨਹੀਂ ਸੀ ਦਿੱਤੀ। ਮੈਂ ਰੋਜ਼ ਉੱਚੀ ਪਹਾੜੀ ਦੀ ਨਿਵਾਣ ਕੋਲ ਜਾ ਕੇ ਛੁਪ-ਛੁਪ ਕੇ ਉਹਨੂੰ ਵੇਖਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਮੇਰੀ ਨਜ਼ਰ ਉਸ ਨੂੰ ਲੱਭ ਨਾ ਸਕੀ। ਫਿਰ ਮੈਂ ਜਦੋਂ ਪਹਾੜੀ ਉੱਤੇ ਚੜ੍ਹਿਆ, ਤਾਂ ਵੇਖਿਆ ਕਿ ਪਹਾੜੀ ਦੇ ਪਰਲੇ ਪਾਸੇ ਉਸ ਦੀਆਂ ਬੱਕਰੀਆਂ ਤੇ ਭੇਡਾਂ ਘੁੰਮ ਰਹੀਆਂ ਸਨ। ਉਨ੍ਹਾਂ ਦੇ ਨਾਲ ਹੱਥ ਵਿਚ ਇਕ ਲੰਮੀ ਜਿਹੀ ਛੜ ਫੜੀ ਇੱਕ 'ਮੁੰਡੂ' ਸੀ।

ਮੈਂ ਹੌਲ਼ੀ-ਹੌਲੀ ਪਹਾੜੀ ਦੀ ਨਿਵਾਣ ਵੱਲ ਜਾ ਉਤਰਿਆ। "ਕਾਕਾ ਤੁਮ ਆਜ ਸੇ ਪਹਿਲੇ ਤੋਂ ਯਹਾਂ ਦੇਖੇ ਨਹੀਂ, ਫਿਰ ਆਜ ਕੈਸੇ?" "ਹਾਂ,ਬਾਬੂ ਜੀ। ਮੈਂ ਕਹਾਂ ਯਹਾਂ ਆਤਾ ਹੂੰ, ਮੈਂ ਤੋਂ ਆਜ ਹੀ, ਆਜ ਹੀ ਆਯਾ ਹੂੰ। ਯੇ ਭੇਡੇਂ ਤੋ ਉਸ ਦੀਦੀ ਕੀ ਹੈਂ।" ਉਸਨੇ ਰੁਕਦਿਆਂ ਰੁਕਦਿਆਂ ਜੁਆਬ ਦਿੱਤਾ।

" ਕਿਸ ਦੀਦੀ ਕੀ?" ਮੈਂ ਅਣਜਾਣ ਬਣਦਿਆਂ ਪੁੱਛਿਆ।

"ਵੋ ਹੈ ਨਾ, ਹਮਾਰੇ ਪੜੋਸ ਵਾਲੀ 'ਨਜ਼ਮਾਂ ਦੀਦੀ। ਉਸ ਕਾ ..ਉਸ ਕਾ ਅੱਬੂ ਬੀਮਾਰ ਹੈ ਨਾ! ਦੋ ਦਿਨੋਂ ਸੇ ਬੁਖਾਰ ਆ ਰਹਾ ਹੈ। ਵੋ ਤੋ ਪਹਿਲੇ ਸੇ ਹੀ ਚਾਰਪਾਈ ਪਰ ਹੀ ਰਹਿਤਾ ਹੈ।"

"ਅੱਛਾ, ਕਿਆ ਹੂਆ ਉਸ ਕੋ?"

"ਬਾਬੂ ਜੀ! ਉਸ ਕੋ ਅਧਰੰਗ ਹੋ ਗਿਆ ਥਾ। ਵੋ ਉੱਠ ਹੀ ਨਹੀਂ ਸਕਤਾ"

"ਨਜ਼ਮਾਂ ਕੇ ਬਿਨਾਂ ਕਿਆ ਉਸ ਕਾ ਕੋਈ ਵੀ ਨਹੀਂ?" ਮੈਂ ਪੁੱਛਿਆ।

"ਨਹੀਂ ਕੋਈ ਵੀ ਨਹੀਂ ਹੈ। ਪਰ ਹਮਾਰੀ ਨਜ਼ਮਾਂ ਦੀਦੀ ਬੜੀ ਬਹਾਦੁਰ ਹੈ ਕਿਸੀ ਸੇ ਭੀ ਨਹੀਂ ਡਰਤੀ।" ਉਹ ਬੜੀਆਂ ਸਿਫਤਾਂ ਦੇ ਪੁਲ ਬੰਨ੍ਹ ਰਿਹਾ ਸੀ।

ਮੈਂ ਪਿਛਲੇ ਪੰਜ-ਸੱਤ ਦਿਨਾਂ ਤੋਂ, ਠੇਕੇਦਾਰੀ ਦੇ ਕਿਸੇ ਕੰਮ ਸ਼੍ਰੀਨਗਰ ਆਇਆ ਸੀ। ਆਪਣੇ ਕੰਮ-ਕਾਰ ਤੋਂ ਵਿਹਲਾ ਹੋ, ਸ਼ਾਮ ਨੂੰ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਮਾਨਣ ਨਿਕਲ ਪੈਂਦਾ ਸਾਂ। ਜਿੱਥੇ ਮੇਰੀ ਨਜ਼ਰ ਪਿਛਲੇ ਦਿਨਾਂ ਵਿਚ ਪਿਆਰੀ ਜਿਹੀ, ਨਾਜ਼ੁਕ ਜਿਹੀ ਨਜ਼ਮਾਂ 'ਤੇ ਪਈ।ਨਜ਼ਮਾਂ ਦਾ ਹਰ-ਰੋਜ਼ ਬੱਕਰੀਆਂ, ਭੇਡਾਂ ਚਰਾਉਣ ਆਉਣਾ, ਮੇਰੇ ਲਈ ਇਕ ਸੁਖਦ ਅਹਿਸਾਸ ਸੀ। ਮੈਨੂੰ ਉਨ੍ਹਾਂ ਕੁਝ ਪਲਾਂ ਅੰਦਰ ਖੁਸ਼ੀਆਂ ਦਾ ਅਨਮੋਲ ਖ਼ਜ਼ਾਨਾ ਪ੍ਰਾਪਤ ਹੁੰਦਾ।

ਨਜ਼ਮਾਂ ਦੋ ਦਿਨ ਆਪਣੇ ਅੱਬਾ ਦੀ ਤੀਮਾਰਦਾਰੀ ਵਿਚ ਹੀ ਲੱਗੀ ਰਹੀ। ਤੀਜੇ ਦਿਨ ਜਦੋਂ ਉਹ ਪਹਾੜੀ ਵਾਲੇ ਪਾਸੇ ਆਈ ਤਾਂ ਬੜੀ ਖਾਮੋਸ਼, ਨਜ਼ਰਾਂ ਥੱਕੀਆਂ- ਥੱਕੀਆਂ ਅਤੇ ਚਿਹਰਾ ਉਦਾਸ ਜਿਹਾ ਸੀ। ਉਸ ਨੂੰ ਦੂਰ ਤੋਂ ਦੇਖਣ ਨਾਲ ਹੀ ਮੇਰੀਆਂ ਨਜ਼ਰਾਂ ਤ੍ਰਿਪਤ ਹੁੰਦੀਆਂ ਰਹੀਆਂ। ਦਿਲ ਵਿਚ ਕੋਈ ਸੁਖ਼ਦ ਜਿਹਾ ਅਹਿਸਾਸ ਹੁੰਦਾ ਰਿਹਾ। ਮੈਂ ਉਸ ਨੂੰ ਇੱਜੜ ਵਿੱਚ ਘਿਰੀ ਨੂੰ ਵੇਖਦਾ ਰਿਹਾ, ਵੇਖਦਾ ਰਿਹਾ।

ਫਿਰ ਇਕ ਦਿਨ ਮੇਰੀ ਹੈਰਾਨੀ ਦਾ ਕੋਈ ਠਿਕਾਣਾ ਨਾ ਰਿਹਾ। ਜਦੋਂ ਸਾਹਮਣੇ ਦਾ ਦ੍ਰਿਸ਼ ਦੇਖਿਆ, ਮੇਰੀਆਂ ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਗਈਆਂ। ਨਜ਼ਮਾਂ ਦੇ ਵਾਲ ਬਿਖ਼ਰੇ ਹੋਏ ਸਨ, ਬਾਹਵਾਂ ਉੱਪਰ ਵੱਲ ਉਲਾਰ ਕੇ ਮੂੰਹ ਅੱਡਿਆ ਹੋਇਆ, ਅੱਖਾਂ ਟੱਡੀਆਂ ਹੋਈਆਂ, ਉਹ ਬੜੀ ਉੱਚੀ-ਉੱਚੀ ਚੀਖਾਂ ਮਾਰ-ਮਾਰ ਕਹਿ ਰਹੀ ਸੀ, "ਖਾ ਜਾਊਂਗੀ ਸਭ ਕੋ, ਨਹੀ ਛੋੜੂਗੀ ਕਿਸੀ ਕੋ, ਮੈਂ ਡਾਇਣ ਹੂੰ, ਮੈਂ ਡਾਇਣ ਹੂੰ, ਹਾ, ਹਾ, ਹਾ, ਹਾ, ਹਾ, ਹਾ।"

ਮੈਂ ਉਸ ਦਾ ਭਿਆਨਕ ਰੂਪ ਵੇਖ ਕੇ ਡਰ ਗਿਆ। ਪਰ ਥੋੜ੍ਹਾ ਜਿਹਾ ਅੱਗੇ ਹੋ ਕੇ ਵੇਖਣ ਤੋਂ ਪਤਾ ਲੱਗਿਆ, ਕਿ ਦੋ ਬੰਦੇ ਚੌਵੀ-ਪੰਝੀ ਸਾਲ ਦੀ ਉਮਰ ਦੇ, ਉਸ ਵੱਲ ਟਿਕਟਿਕੀ ਲਗਾਈ ਵੇਖ ਰਹੇ ਸਨ। ਪਰ ਮੈਨੂੰ ਇਹ ਮਾਜਰਾ ਸਮਝ ਨਾ ਆਇਆ। ਮੈਂ ਸੋਚਿਆ ਕਿ ਉਸਨੂੰ ਵੇਖ ਕੇ ਉਹ ਡਰ ਗਈ ਸੀ। ਬੜਾ ਹੀ ਡਰਾਵਣਾ ਰੂਪ ਸੀ। ਮੈਨੂੰ ਲੱਗਾ ਕਿ ਜਿਵੇਂ ਉਸ ਨੂੰ ਕੋਈ ਦੌਰਾ ਪਿਆ ਹੈ।ਉਹ ਇੰਨੀ ਸੁਹਣੀ, ਕੋਮਲ, ਚੰਚਲ, ਮਮਤਾ ਦੀ ਮੂਰਤ ਇੰਨੀ ਡਰਾਵਣੀ ਵੀ ਹੋ ਸਕਦੀ ਹੈ? ਇਹ ਇਸ ਦਾ ਕਿਹੋ ਜਿਹਾ ਰੂਪ ਹੈ?

ਮੈਂ ਦੇਖਿਆ ਉਹ ਦੋਵੇਂ ਨੌਜੁਆਨ ਪਹਾੜੀ ਦੇ ਹੇਠਾਂ ਦੂਰ ਪਗਡੰਡੀ ਵੱਲ ਜਾ ਰਹੇ ਹਨ। ਜਦੋਂ ਉਹ ਦੋਵੇਂ ਅੱਖੋਂ ਓਹਲੇ ਹੋ ਗਏ, ਨਜ਼ਮਾਂ ਇਕ ਸ਼ਾਂਤ ਜਿਹੀ ਮੂਰਤ ਬਣ ਗਈ। ਉਸ ਨੇ ਆਪਣੇ ਵਾਲ ਸੰਵਾਰੇ। ਚੁਫ਼ੇਰੇ ਧਿਆਨ ਨਾਲ ਦੇਖਿਆ, ਤੇ ਉੱਚੀ-ਉੱਚੀ ਚੀਕਣਾ ਬੰਦ ਕਰ ਦਿੱਤਾ। ਮੈਂ ਇਸ ਅਚੰਭੇ ਵਾਲੇ ਖੇਲ੍ਹ ਬਾਰੇ ਸੋਚਦਾ-ਸੋਚਦਾ, ਆਪਣੇ ਕਮਰੇ ਵਿਚ ਵਾਪਸ ਆ ਗਿਆ।

ਕਈ ਦਿਨ ਤੱਕ ਪਹਿਲਾਂ ਵਾਲੀ ਹੀ ਅੱਖ ਮਚੋਲੀ ਚਲਦੀ

ਰਹੀ। ਮੈਂ ਉਸਨੂੰ ਨਜ਼ਰਾਂ ਹੀ ਨਜ਼ਰਾਂ ਵਿਚ ਵੇਖਣ ਲਈ ਰੋਜ਼ ਪਹਾੜੀ ਵੱਲ ਜਾਂਦਾ। ਮੇਰੀ ਸੁਰਮਈ ਸ਼ਾਮ ਪਿਆਰ ਨਾਲ ਰੰਗੀ ਜਾਂਦੀ।

ਹੁਣ ਪੰਜ ਸੱਤ ਦਿਨ ਰਹਿ ਗਏ ਸਨ ਮੇਰੇ ਵਾਪਸ ਪਰਤਣ ਦੇ। ਮੈਂ ਸੋਚਿਆ, ਇਹ ਅੱਖ-ਮਿਚੋਲੀ ਬੰਦ ਕਰਕੇ ਕਿਉਂ ਨਾ ਉਸ ਦੇ ਰੂਬਰੂ ਹੋਵਾਂ, ਉਸਦੇ ਹੁਸੀਨ ਮੁਖੜੇ ਵਾਂਗ ਹੀ ਉਸਦੇ ਗੁਲਾਬੀ ਬੁੱਲ੍ਹਾਂ ਦੇ ਮਿਠਾਸ ਭਰੇ ਬੋਲਾਂ ਨੂੰ ਸੁਣਾਂ। ਹੋ ਸਕਦਾ ਏ, ਇਕ ਨਿੱਕੀ ਜਿਹੀ ਮੁਲਾਕਾਤ ਜ਼ਿੰਦਗੀ ਭਰ ਦਾ ਸੁਹਾਣਾ ਸਫ਼ਰ ਬਣ ਜਾਏ।

ਮੈਂ ਦੂਰੋਂ ਇੱਜੜ ਦੇ ਵਿਚ ਛੜ ਘੁੰਮਾਉਂਦੀ ਆਉਂਦੀ ਨਜ਼ਮਾਂ ਨੂੰ ਵੇਖਿਆ। ਆਪਣਾ ਦਿਲ ਪੱਕਾ ਕਰਕੇ ਮੈਂ ਹਿੰਮਤ ਨਾਲ ਉਸ ਦੇ ਕੋਲ ਜਾ ਪੁੱਜਾ। ਮੈਨੂੰ ਥੋੜ੍ਹੀ ਦੂਰੀ ਤੋਂ ਹੀ ਵੇਖਦਿਆਂ, ਉਸ ਨੇ ਉਸੇ ਤਰ੍ਹਾਂ ਜ਼ੋਰ-ਜ਼ੋਰ ਨਾਲ, ਸਿਰ ਇੱਧਰ-ਉੱਧਰ ਮਾਰ-ਮਾਰ ਕੇ ਵਾਲ ਖਿਲਾਰ ਲਏ। ਦੋਵੇਂ ਬਾਹਵਾਂ ਉੱਪਰ ਵੱਲ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉੱਚੀ-ਉੱਚੀ ਚੀਕਾਂ ਮਾਰ-ਮਾਰ ਕੇ ਉਹ ਬੋਲ ਰਹੀ ਸੀ, "ਚਲੇ ਜਾਓ ਯਹਾਂ ਸੇ, ਖਾ ਜਾਊਂਗੀ। ਜਾ ਚਲਾ ਜਾ, ਮੈਂ ਡਾਇਨ ਹੂੰ, ਡਾਇਨ, ਹਾ, ਹਾ, ਹਾ, ਹਾ।"

ਤਕਰੀਬਨ ਪੰਦਰਾਂ ਮਿੰਟਾਂ ਤੱਕ ਉਹਦਾ ਇਹੀ ਡਰਾਵਣਾ ਰੂਪ ਦੇਖਣ ਨੂੰ ਮਿਲਿਆ ਅੱਜ ਮੈਨੂੰ ਥੋੜ੍ਹੀ ਜਿੰਨੀ ਸਮਝ ਆ ਚੁੱਕੀ ਸੀ, ਕਿ ਕਿਉਂ ਉਹ ਕਿਸੇ ਵੀ ਮਰਦ ਨੂੰ ਸਾਹਵੇਂ ਵੇਖ ਆਪਣਾ ਇਹ ਰੂਪ ਬਣਾ ਲੈਂਦੀ ਹੈ। ਮੈਂ ਹੌਲੀ-ਹੌਲੀ ਹਿੰਮਤ ਕਰਕੇ ਅੱਗੇ ਵਧਿਆ। ਮੈਂ ਉਸ ਦੀਆਂ ਬਾਹਵਾਂ ਫੜ ਲਈਆਂ। ਉਹ ਕੁਝ ਪਲ ਲਈ ਸਹਿਮ ਗਈ। ਮੈਂ ਉਸ ਨੂੰ ਸਮਝਾਉਂਦਿਆਂ ਕਿਹਾ, "ਨਜ਼ਮਾਂ ਤੁਮ ਕਿਆ ਕਰ ਰਹੀ ਓ। ਤੁਮ ਬਿਲਕੁਲ ਅੱਛੀ ਹੋ। ਤੁਮਹੇਂ ਕੁਛ ਭੀ ਨਹੀਂ ਹੂਆ।"

ਉਹ ਆਪਣਾ ਨਾਂ ਸੁਣ ਕੇ ਚੌਂਕ ਗਈ ਕਿ ਮੈਨੂੰ ਉਸ ਦਾ ਨਾਮ ਕਿਸ ਤਰ੍ਹਾਂ ਪਤਾ ਲੱਗਾ। ਮੈਂ ਉਸ ਨੂੰ ਦੱਸਿਆ ਕਿ ਤੈਨੂੰ ਬੜੇ ਦਿਨਾਂ ਤੋਂ ਜਾਣਦਾ ਹਾਂ। ਉਹ ਫਟੀਆਂ-ਫਟੀਆਂ ਅੱਖਾਂ ਨਾਲ ਮੇਰੇ ਮੂੰਹ ਵੱਲ ਵੇਖਦੀ ਰਹੀ। ਮੇਰੀਆਂ ਗੱਲਾਂ ਨੂੰ ਧਿਆਨ ਨਾਲ ਸੁਣਦੀ ਰਹੀ। ਉਸਨੂੰ ਹੌਲੀ-ਹੌਲੀ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਕਿ ਮੈਂ ਠੀਕ ਬੰਦਾ ਹਾਂ, ਗ਼ਲਤ ਨਹੀਂ ਹਾਂ।

ਮੈਂ ਉਸ ਨੂੰ ਪਿਆਰ ਨਾਲ ਪੁੱਛਿਆ, "ਨਜ਼ਮਾਂ ਕਿਆ ਤੁਮਹੇਂ ਸਚੁਮੱਚ ਹੀ ਕੁਛ ਹੋ ਜਾਤਾ ਹੈ? ਯਾ ਫਿਰ ਤੂੰ ਵੈਸੇ ਹੀ......।"

"ਨਹੀਂ ਬਾਬੂ ਜੀ, ਸੱਚ ਬਤਾਊਂ, ਮੇਰੇ ਕੋ ਕੁਛ ਵੀ ਐਸਾ-ਵੈਸਾ ਨਹੀਂ ਹੋਤਾ। ਵੋ ਕਿਆ ਹੈ ਨਾ ਬਾਬੂ ਜੀ, ਆਪ ਤੋ ਜਾਨਤੇ ਹੈ, ਜ਼ਮਾਨਾ ਕੈਸਾ ਹੈ। ਲੋਗੋਂ ਕੀ ਨਜ਼ਰੇ ਤਨ ਕੋ ਚੀਰਤੀ ਹੂਈ ਨਿਕਲ ਜਾਤੀ ਹੈ। ਐਸੇ ਮੇਂ ਏਕ ਅਕੇਲੀ ਲੜਕੀ ਕੋ, ਐਸੀ ਖ਼ਤਰਨਾਕ ਨਿਗਾਹੋਂ ਸੇ ਬਚ ਕੇ ਰਹਿਨਾ ਕਿਤਨਾ ਕਠਿਨ ਹੈ। ਮੇਰਾ ਘਰ ਸੇ ਬਾਹਰ ਜਾਨਾ ਭੀ ਜ਼ਰੂਰੀ ਹੈ, ਨਹੀਂ ਤੋਂ ਕੈਸੇ ਚਲੇਗਾ ਅੱਬਾ ਕਾ ਯਹ ਘਰ।... ਆਪਨੀ ਹਿਫ਼ਾਜ਼ਤ ਕੇ ਲੀਏ ਮੈਂ ਨੇ ਠੀਕ ਕੀਆ ਨਾ ਬਾਬੂ ਜੀ?" ਉਸਨੇ ਆਪਣੇ ਮਨ ਦੇ ਅੰਤਰੀਵ ਭਾਵ ਮੇਰੇ ਸਾਹਵੇਂ ਖੋਲ੍ਹਦਿਆਂ ਆਖਿਆ।

ਉਹ ਮੈਨੂੰ ਇੰਝ ਪੁੱਛ ਰਹੀ ਸੀ, ਜਿਵੇਂ ਸਚਮੁੱਚ ਮੈਂ ਉਸਦਾ ਆਪਣਾ ਹੋਵਾਂ। ਇਕ ਹਮਦਰਦ ਹੋਵਾਂ।

"ਹਾਂ-ਹਾਂ ਨਜ਼ਮਾਂ ਤੂੰ ਬਹੁਤ ਠੀਕ ਕੀਤਾ। ਇਹੀ ਤੇਰੇ ਲਈ ਜ਼ਰੂਰੀ ਸੀ।"

ਮੈਨੂੰ ਉਸਦਾ ਆਪਣੀ ਹਿਫ਼ਾਜ਼ਤ ਲਈ ਚੁੱਕਿਆ ਇਹ ਕਦਮ ਬੜਾ ਹੀ ਕਾਰਗਰ ਲੱਗਾ। ਉਸਦੀ ਸੋਚ 'ਤੇ ਮੈਨੂੰ ਬੜਾ ਹੀ ਮਾਣ ਮਹਿਸੂਸ ਹੋਇਆ।ਉਸ ਦਾ ਥੋੜ੍ਹੇ ਪਲਾਂ ਲਈ ਬਦਲਿਆ ਰੂਪ ਇਕ ਵਿੱਲਖਣ ਨਾਟ-ਕਲਾ ਸੀ, ਆਪਣੀ ਰੱਖਿਆ ਲਈ ਬਣਾਇਆ ਰੱਖਿਆ-ਕਵਚ। ਮੈਂ ਉਸਦੇ ਵੱਲ ਦੋਸਤੀ ਦਾ ਹੱਥ ਵਧਾਇਆ। ਉਹ ਬਹੁਤ ਖੁਸ਼ ਹੋਈ। ਬਾਕੀ ਦੇ ਕੁਝ ਦਿਨ ਵੀ ਅਸੀਂ ਬਿਨਾਂ ਕਿਸੇ ਰੋਕ-ਟੋਕ ਦੇ ਮਿਲਦੇ ਰਹੇ। ਇਸ ਦੋਸਤੀ ਦੀ ਸਾਂਝ ਵੱਖਰੀ ਹੀ ਸੀ। ਨਿੱਘ ਵੱਖਰਾ ਹੀ ਸੀ।

ਆਪਣਾ ਕੰਮ ਮੁਕਾ ਕੇ ਵਾਪਸੀ ਵਾਲੇ ਦਿਨ ਮੈਂ ਉਸ ਦਾ ਹੱਥ ਫੜ ਆਖਿਆ, "ਨਜ਼ਮਾਂ ਆਪਣਾ ਖਿਆਲ ਰੱਖੀਂ, ਜ਼ਮਾਨਾ ਬੜਾ ਖਰਾਬ ਹੈ। ਇਕੱਲੀ ਸਾਰਾ-ਸਾਰਾ ਦਿਨ

## ਮੈਂ ਕੱਲੀ ਬਥੇਰੀ

ਕੋਈ ਸਮਾਂ ਸੀ ਜਦੋਂ ਔਰਤ ਘਰ ਤੋਂ ਬਾਹਰ ਪੈਰ ਰੱਖਣ ਸਮੇਂ ਵੀ ਕਿਸੇ ਮਰਦ ਦਾ ਸਾਥ ਚਾਹੁੰਦੀ ਸੀ। ਪਰ ਹੁਣ ਹਾਲਾਤ ਬਦਲ ਗਏ ਹਨ। ਅਮਰੀਕਾ ਦੀਆਂ ਦੋ ਮਹਿਲਾ ਪੁਲਾੜ ਯਾਤਰੀ-ਕ੍ਰਿਸਟੀਨਾ ਕੋਚ ਅਤੇ ਜੇਸਿਕਾ ਮੀਰ ਨੇ ਬਿਨਾਂ ਕਿਸੇ ਮਰਦ ਸਾਥੀ ਤੋਂ ਸਪੇਸ ਵਾਕ ਕਰ ਕੇ ਔਰਤਾਂ ਨੂੰ ਘੁੱਪ ਹਨ੍ਹੇਰੇ ਵਿੱਚ ਬੇਖੌਫ ਚੱਲਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਉਹ ਆਪਣੇ ਚਾਰ ਮਰਦ ਸਾਥੀਆਂ ਨੂੰ ਕੌਮਾਂਤਰੀ ਪੁਲਾੜ ਕੇਂਦਰ ਦੇ ਅੰਦਰ ਛੱਡ ਕੇ ਆਪ ਪੁਲਾੜੀ ਸਟੇਸ਼ਨ ਦੇ ਬੈਟਰੀ ਚਾਰਜਰ ਨੂੰ ਬਦਲਣ ਲਈ ਬਾਹਰ ਪੁਲਾੜ ਵਿੱਚ ਚਹਿਲਕਦਮੀ ਕਰਦੀਆਂ ਰਹੀਆਂ। ਇਹ ਕ੍ਰਿਸ਼ਮਾ ਕਰਨ ਵਾਲੀਆਂ ਉਹ ਵਿਸ਼ਵ ਦੀਆਂ ਪਹਿਲੀਆਂ ਔਰਤਾਂ ਬਣ ਗਈਆਂ ਹਨ। ਇਹ ਵਰਣਨਯੋਗ ਹੈ ਕਿ ਹੁਣ ਤੱਕ ਦੀਆਂ ਸਾਰੀਆਂ 420 ਸਪੇਸ ਵਾਕਜ਼ ਸਮੇਂ ਕਿਸੇ ਨਾ ਕਿਸੇ ਰੂਪ ਵਿੱਚ ਮਰਦ ਸ਼ਾਮਲ ਹੁੰਦਾ ਸੀ। ਹੁਣ ਮਰਦਾਂ ਦੀ ਔਰਤਾਂ 'ਤੇ ਧੌਂਸ ਨਹੀਂ ਰਹੇਗੀ। ਇਸ ਲਈ ਭਾਰਤ ਸਮਾਜ ਵਿੱਚੋਂ ਵੀ ਪਿਤਰੀ-ਦਾਬਾ ਖ਼ਾਰਜ ਕਰਨ ਦਾ ਸਮਾਂ ਆ ਗਿਆ ਹੈ।



ਤਿਮਾਹੀ ਅਕਤੂਬਰ – ਦਸੰਬਰ 2019 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਲਿਖਤੀ ਪ੍ਰੀਖਿਆ ਮੁਕਾਬਲੇ ਦੇ ਜੇਤੂਆਂ ਦਾ ਸਨਮਾਨ :**

550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 30 ਸਤੰਬਰ,2019 ਨੂੰ ਆਯੋਜਿਤ ਇਸ ਮੁਕਾਬਲੇ ਵਿੱਚ ਡੀ.ਏ.ਵੀ.ਸੀ.ਸੈ.ਸ.ਰੂਪਨਗਰ ਦੀਆਂ ਵਿਦਿਆਰਥਣਾ- ਸਿਮਰਨਜੀਤ ਕੌਰ, ਜਸਮੀਤ ਕੌਰ ਤੇ ਜਸਪ੍ਰੀਤ ਕੌਰ ਨੇ 100 ਵਿੱਚੋਂ ਕ੍ਰਮਵਾਰ 98,72 ਤੇ 56 ਅੰਕ ਪ੍ਰਾਪਤ ਕਰਕੇ ਪਹਿਲਾ, ਤੀਜਾ ਤੇ ਪੰਜਵਾਂ ਸਥਾਨ; ਸੈਣੀ ਭਵਨ ਦੀਆਂ ਸਿੱਖਿਆਰਥਣਾਂ- ਪੂਜਾ ਵਰਮਾ,ਰਮਨਦੀਪ ਕੌਰ, ਸਿਮਰਨ ਸ਼ਰਮਾ, ਹਰਪ੍ਰੀਤ ਕੌਰ, ਨੰਦਨੀ ਤੇ ਅਮਨਪ੍ਰੀਤ ਕੌਰ ਨੇ ਕ੍ਰਮਵਾਰ 88,52,46,46,45 ਤੇ 44 ਅੰਕ ਲੈ ਕੇ ਦੂਜਾ,ਸੱਤਵਾਂ, ਨੌਵਾਂ,ਦਸਵਾਂ, ਗਿਆਰਵਾਂ ਤੇ ਬਾਰ੍ਹਵਾਂ ਸਥਾਨ; ਸੰਤ.ਕ.ਸਿੰ.ਅਕੈਡਮੀ ਦੀ ਰਮਨ ਕੌਰ ਨੇ 57 ਅੰਕ ਨਾਲ ਚੌਥਾ ਅਤੇ ਸਰਕਾਰੀ ਗਰਲਜ਼ ਸੀ. ਸੈ. ਸਕੂਲ ਦੀਆਂ ਅੰਨੂ ਤੇ ਰੁਕਸਾਨਾ ਨੇ ਕ੍ਰਮਵਾਰ 54 ਤੇ 48 ਅੰਕ ਹਾਸਲ ਕਰ ਕੇ ਛੇਵਾਂ ਤੇ ਅੱਠਵਾਂ ਸਥਾਨ ਪ੍ਰਾਪਤ ਕੀਤਾ। ਇਸ ਪ੍ਰੀਖਿਆ ਵਿੱਚ ਪੋਜ਼ੀਸ਼ਨਾ ਲੈਣ ਵਾਲੀਆਂ ਛੇ ਸੈਣੀ ਭਵਨ ਦੀਆਂ ਸਿਖਿਆਰਥਣਾਂ ਨੂੰ 5 ਅਕਤੂਬਰ 2019 ਨੂੰ ਹੋਏ ਮੈਗਜ਼ੀਨ ਰਿਲੀਜ਼ ਸਮਾਗਮ ਸਮੇਂ 500-200 ਰੁਪਏ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਪਹਿਲੀਆਂ ਦਸ ਪੋਜ਼ੀਸ਼ਨਾਂ ਤੇ ਆਉਣ ਵਾਲੇ ਉਮੀਦਵਾਰਾਂ ਨੂੰ ਸ਼੍ਰੀ ਗੁਰੂ ਅਮਰਦਾਸ ਜੀ ਸੇਵਾ ਸੁਸਾਇਟੀ ਵੱਲੋਂ 3 ਨਵੰਬਰ,2019 ਨੂੰ ਖਾਲਸਾ ਸਕੂਲ ਦੇ ਗਰਾਂਉਡ ਵਿਖੇ ਕਰਵਾਏ ਸਾਲਾਨਾ ਕੀਰਤਨ ਦਰਬਾਰ ਸਮੇਂ 1000 ਤੋਂ 100 ਰੁਪਏ ਨਗਦ ਦੇ ਕੇ ਨਿਵਾਜਿਆ ਗਿਆ।

**ਸੈਣੀ ਸੰਸਾਰ" ਦਾ ਵਿਸ਼ੇਸ ਅੰਕ ਲੋਕਅਰਪਣ:-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਸਮਾਜਿਕ ਚੇਤਨਾ ਦੇ ਪ੍ਰਤੀਕ ਮੈਗਜ਼ੀਨ "ਸੈਣੀ ਸੰਸਾਰ" ਦਾ 35ਵਾਂ ਵਿਸ਼ੇਸ ਅੰਕ 5 ਅਕਤੂਬਰ 2019 ਨੂੰ ਸੈਣੀ ਭਵਨ ਵਿਖੇ ਲੋਕਅਰਪਣ ਕੀਤਾ ਗਿਆ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਵਿਸ਼ੇਸ਼ ਅੰਕ ਨੂੰ ਜਾਰੀ ਕਰਨ ਦੀ ਰਸਮ ਸਮਾਜਸੇਵੀ ਐਡਵੋਕੇਟ ਹਰਮਨਦੀਪ ਸਿੰਘ ਮਾਸੂਤਾ ਐਮ. ਡੀ. ਸਤਲੁਜ ਇਨਕਲੇਵ ਰੂਪਨਗਰ ਨੇ ਅਦਾ ਕੀਤੀ। ਉਨ੍ਹਾਂ ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਸਮਾਜਿਕ ਚੇਤਨਾ ਲਈ ਮੈਗਜ਼ੀਨ ਜਾਰੀ ਕਰਨ, ਸਮਾਜ ਭਲਾਈ ਦੇ ਪ੍ਰੋਗਰਾਮਾਂ ਤਹਿਤ ਖਾਸ ਕਰਕੇ ਸਿੱਖਿਆ ਦੇ ਪ੍ਰਸਾਰ ਲਈ ਲੋੜਵੰਦਾਂ ਨੂੰ ਵਜੀਫ਼ੇ ਦੇਣ ਅਤੇ ਲੜਕੀਆਂ ਨੂੰ ਹੁਨਰਮੰਦ ਬਣਾਉਣ ਲਈ ਕੀਤੇ ਕੰਮਾਂ ਦੀ ਭਰਪੂਰ ਪ੍ਰਸੰਸਾ ਕੀਤੀ। ਉਨ੍ਹਾਂ ਇਸ ਮੌਕੇ ਆਪਣੇ ਵੱਲੋਂ ਵੀ ਹਰ ਸਾਲ ਵਜੀਫ਼ਾ ਦੇਣ ਲਈ 10 ਹਜ਼ਾਰ ਰੁਪਏ ਦੇਣ ਦੀ ਘੋਸ਼ਣਾ ਵੀ ਕੀਤੀ।

**ਖਿਡਾਰਨ ਲੜਕੀਆਂ ਦਾ ਸਨਮਾਨ:-**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 5 ਅਕਤੂਬਰ 2019 ਨੂੰ ਸੈਣੀ ਭਵਨ ਵਿਖੇ ਸਮਾਗਮ ਦੌਰਾਨ ਰੂਪਨਗਰ ਤੋਂ ਸੈਣੀ




ਬਰਾਦਰੀ ਦੀਆਂ ਹੋਣਹਾਰ ਬੱਚੀਆਂ- ਜੈਸਮੀਨ ਕੌਰ ਅਤੇ ਖੁਸ਼ੀ ਸੈਣੀ ਦੀ ਨਵੰਬਰ 'ਚ ਦੋਹਾ (ਕਤਰ) ਵਿਖੇ ਹੋਣ ਵਾਲੀ 14ਵੀਂ ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ ਲਈ ਹੋਈ ਚੋਣ ਲਈ ਸਨਮਾਨ ਕੀਤਾ ਗਿਆ। ਸੰਸਥਾ ਵੱਲੋਂ ਇਨ੍ਹਾਂ ਖਿਡਾਰਣਾਂ ਨੂੰ ਜ਼ਿੰਦਗੀ ਵਿੱਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆ।ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਸੈਣੀ ਭਵਨ ਦੇ ਲੋਕ ਭਲਾਈ ਕੰਮਾਂ ਤੇ ਚਾਨਣਾ ਪਾਇਆ। ਸਮਾਗਮ ਨੂੰ ਸੰਸਥਾ ਦੇ ਟਰੱਸਟੀਆਂ ਰਾਜਿੰਦਰ ਸੈਣੀ, ਗੁਰਮੁੱਖ ਸਿੰਘ ਸੈਣੀ, ਬਹਾਦਰਜੀਤ ਸਿੰਘ ਤੇ ਰਾਮ ਸਿੰਘ ਸੈਣੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜੈਸਮੀਨ ਦੀ ਮਾਤਾ ਅਮ੍ਰਿਤ ਕੌਰ, ਖੁਸ਼ੀ ਦੇ ਪਿਤਾ ਐਡਵੋਕੇਟ ਹਰਜੀਤ ਸਿੰਘ ਤੇ ਮਾਤਾ ਪੂਜਾ ਅਤੇ ਦਾਦਾ ਸੁਰਿੰਦਰ ਸਿੰਘ ਅਤੇ ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਬਲਬੀਰ ਸਿੰਘ ਸੈਣੀ, ਡਾ. ਜਸਵੰਤ ਕੌਰ, ਕੈਪਟਨ ਹਾਕਸ ਸਿੰਘ, ਗੁਰਮੁਖ ਸਿੰਘ ਲੌਂਗੀਆ, ਦੇਵਿੰਦਰ ਸਿੰਘ ਜਟਾਣਾ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਸੁਰਿੰਦਰ ਸਿੰਘ, ਅਜਮੇਰ ਸਿੰਘ ਧਮੜੈਤ ਤੋਂ ਇਲਾਵਾ ਹਰਜੀਤ ਸਿੰਘ ਲੌਂਗੀਆ, ਕੁਲਦੀਪ ਸਿੰਘ ਗੋਲੀਆ, ਰਾਜਿੰਦਰ ਸਿੰਘ ਨਨੂੰਆ, ਇੰਜ. ਕੁਲਤਾਰ ਸਿੰਘ, ਜਸਵੰਤ ਸਿੰਘ ਸੈਣੀ, ਦਲਜੀਤ ਸਿੰਘ, ਵਿਜੈ ਲਛਮੀ ਆਦਿ ਹਾਜ਼ਰ ਸਨ।

**ਸਿੱਖਿਆਰਥਣਾਂ ਦੇ ਮੁਕਾਬਲੇ :-**

ਇਨਰਵੀਲ੍ਹ ਕਲੱਬ ਰੂਪਨਗਰ ਵੱਲੋਂ 9 ਅਕਤੂਬਰ 2019 ਨੂੰ ਸੈਣੀ ਭਵਨ ਵਿਖੇ ਬਿਊਟੀਸ਼ਨ ਦਾ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਦਾ ਕਲੱਬ ਦੀ ਪ੍ਰਧਾਨ ਵਿਨੀਤਾ

ਗੁਪਤਾ ਦੀ ਪ੍ਰਧਾਨਗੀ ਹੇਠ ਮੈਂਹਦੀ ਲਗਾਉਣ ਦਾ ਮੁਕਾਬਲਾ ਕਰਵਾਇਆ ਗਿਆ ਅਤੇ ਸਟਾਇਲ ਵਾਇਰਸ ਬਿਊਟੀ ਸਲੂਨ ਦੀ ਮਾਹਿਰ ਅਨੁਪਮ ਵੱਲੋਂ ਬਿਊਟੀ ਟਿੱਪਸ ਅਤੇ ਮੇਕਅੱਪ ਤੇ ਵਾਲ ਸਜਾਉਣ ਬਾਰੇ ਡੈਮੋ ਦਿੱਤਾ ਗਿਆ। ਮੇਂਹਦੀ ਲਗਾਉਣ ਦੇ ਮੁਕਾਬਲੇ ਵਿੱਚ ਬਿਊਟੀਸ਼ਨ ਟੀਚਰ ਅੰਜੂ ਦੀ ਅਗਵਾਈ ਵਿੱਚ 18 ਸਿੱਖਿਆਰਥਣਾਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ। ਕਲੱਬ ਵੱਲੋਂ ਪਹਿਲੇ, ਦੂਜੇ ਤੇ ਤੀਜੇ ਸਥਾਨ ਰਹੀਆਂ ਸਿੱਖਿਆਰਥਣਾਂ ਨੂੰ ਇਨਾਮ ਦੇਕੇ ਸਨਮਾਨਿਤ ਕਰਨ ਤੋਂ ਇਲਾਵਾ ਚੌਥੇ ਸਥਾਨ ਤੇ ਆਈਆਂ ਦੋ ਸਿਖਿਆਰਥਣਾਂ ਨੂੰ ਵੀ ਕਨਸੋਲੇਸ਼ਨ ਇਨਾਮ ਦਿੱਤਾ ਗਿਆ। ਮੈਂਹਦੀ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਮਨਪ੍ਰੀਤ ਕੌਰ, ਦੂਜੇ ਤੇ ਸੁਮਨ ਦੇਵੀ, ਤੀਜੇ ਤੇ ਅਮਨਜੋਤ, ਚੌਥੇ ਸਥਾਨ ਤੇ ਸੋਨੀਆ ਅਤੇ ਮਨਜੀਤ ਰਹੀਆਂ। ਇਸ ਮੌਕੇ ਇੰਨਰਵੀਲ੍ਹ ਕਲੱਬ ਦੀ ਸਕੱਤਰ ਆਸਿਮਾ ਅਗਰਵਾਲ, ਅਹੁਦੇਦਾਰ ਕਿਰਨ ਤ੍ਰਿਪਾਠੀ, ਕੁਲਵਿੰਦਰ ਕੌਰ, ਨੀਲਮ ਵਿੱਜ ਅਤੇ ਸੈਣੀ ਭਵਨ ਦੀ ਟਰੱਸਟੀ ਡਾ. ਜਸਵੰਤ ਕੌਰ ਸੈਣੀ ਵੀ ਹਾਜ਼ਰ ਸਨ।

**ਹੁਨਰ ਮੁਕਾਬਲੇ :-**

ਸੈਣੀ ਭਵਨ ਵਿਖੇ ਸਿਲਾਈ-ਕਢਾਈ, ਫੈਸ਼ਨ ਡਿਜ਼ਾਇਨਿੰਗ ਤੇ ਬਿਊਟੀਸ਼ੀਅਨ ਆਰਟ ਦੇ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਦੇ ਹੁਨਰ ਦੀ ਪਰਖ ਕਰਨ ਲਈ 23 ਅਕਤੂਬਰ, 2019 ਨੂੰ ਸਾਲਾਨਾ ਪ੍ਰੈਕਟੀਕਲ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਸੈਣੀ ਭਵਨ ਦੇ ਟਰੱਸਟੀ ਡਾ. ਜਸਵੰਤ ਕੌਰ ਸੈਣੀ ਅਤੇ ਸਕੂਲਾਂ ਦੇ ਪ੍ਰਿੰਸੀਪਲ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਕਰਵਾਏ ਇਨ੍ਹਾਂ ਮੁਕਾਬਲਿਆਂ ਦੇ ਸਿਲਾਈ ਕਢਾਈ ਦੇ ਮੁਕਾਬਲੇ ਗਲੇ ਦੇ ਡਿਜਾਇਨ ਮੁਕਾਬਲੇ ਵਿੱਚ ਅਮਨਜੋਤ ਨੇ ਪਹਿਲਾ ਤੇ ਭਾਵਨਾ ਨੇ ਦੂਜਾ ਇਨਾਮ ਜਿੱਤਿਆ, ਸਲਵਾਰ ਦੇ ਪਹੁੰਚੇ ਡਿਜ਼ਾਇਨਗ ਮੁਕਾਬਲੇ ਵਿੱਚ ਸ਼ਰਨਜੀਤ ਨੇ ਪਹਿਲਾ, ਹਰਪ੍ਰੀਤ ਨੇ ਦੂਜਾ, ਕਢਾਈ ਦੇ ਮੁਕਾਬਲੇ 'ਚ ਹਰਪ੍ਰੀਤ ਨੇ ਪਹਿਲਾ ਤੇ ਰੋਸ਼ਨੀ ਨੇ ਦੂਜਾ, ਪੇਟਿੰਗ ਮੁਕਾਬਲੇ ਵਿੱਚ ਰਮਨ ਨੇ ਪਹਿਲਾ ਤੇ ਸੋਨਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਫੈਸ਼ਨ ਡਿਜਾਇਨ ਦੇ ਮੁਕਾਬਲਿਆਂ ਨੈਕ ਡਿਜ਼ਾਇਨ ਮੁਕਾਬਲੇ 'ਚ ਹਰਪ੍ਰੀਤ ਕੌਰ ਨੇ ਪਹਿਲਾ ਤੇ ਜਤਿੰਦਰ ਕੌਰ ਨੇ ਦੂਜਾ ਸਥਾਨ ਅਤੇ ਬਾਜੂ ਡਿਜਾਇਨ ਮੁਕਾਬਲੇ ਵਿੱਚ ਸਰਬਜੀਤ ਕੌਰ ਪਹਿਲੇ ਸਥਾਨ ਤੇ ਰਹੀ। ਬਿਊਟੀਸ਼ਨ ਆਰਟ ਦੇ ਮੁਕਾਬਲਿਆਂ ਦੌਰਾਨ ਜੂੜਾ ਬਣਾਉਣ ਦੇ ਮੁਕਾਬਲੇ ਵਿੱਚ ਕਿਰਨ ਗਰੁੱਪ ਨੇ ਪਹਿਲਾ ਅਤੇ ਸਰਨ ਗਰੁੱਪ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਮਹਿੰਦੀ ਲਗਾਉਣ ਦੇ ਮੁਕਾਬਲੇ ਵਿੱਚ ਸਰਨਜੀਤ ਕੌਰ ਨੇ ਪਹਿਲਾ ਅਤੇ ਪਵਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਲਈ ਜੱਜਾਂ ਦੀ ਭੂਮਿਕਾ ਸਰਦਾਰਨੀ ਇੰਦਰਜੀਤ ਕੌਰ ਵਾਲੀਆ ਅਤੇ ਸ਼੍ਰੀਮਤੀ ਵਿਜੈ ਲਛਮੀ ਨੇ ਨਿਭਾਈ। ਜੇਤੂ ਸਿੱਖਿਆਰਥਣਾਂ ਨੂੰ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ ਨੇ ਨਗਦ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਟਰੱਸਟੀ ਰਾਜਿੰਦਰ ਸਿੰਘ ਗਿਰਨ ਤੋਂ ਇਲਾਵਾ ਸੰਸਥਾ ਦੀਆਂ ਟੀਚਰਜ਼- ਸ਼੍ਰੀਮਤੀ ਕਿਰਨ ਜੋਸ਼ੀ, ਸ਼੍ਰੀਮਤੀ ਉਰਮਲਾ ਸ਼ਰਮਾ, ਕੁਮਾਰੀ ਕਿਰਨਜੀਤ ਕੌਰ, ਸ਼੍ਰੀਮਤੀ ਅੰਜੂ ਅਤੇ ਸ਼੍ਰੀਮਤੀ ਰੇਖਾ ਕਪੂਰ ਵੀ ਹਾਜ਼ਰ ਸਨ।



**ਸਾਲਾਨਾ ਭਾਸ਼ਣ ਮੁਕਾਬਲਿਆ ਦਾ ਆਯੋਜਨ :**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵੱਲੋ 31 ਅਕਤੂਬਰ, 2019 ਨੂੰ ਸੈਣੀ ਭਵਨ ਰੂਪਨਗਰ ਵਿਖੇ ਵਿਦਿਆਰਥੀਆਂ ਦੇ ਆਤਮਵਿਸ਼ਵਾਸ ਨੂੰ ਦ੍ਰਿੜ ਬਣਾਉਣ ਦੇ ਉਦੇਸ਼ ਨਾਲ ਭਖਦੇ ਮਸਲਿਆਂ 'ਤੇ ਸਾਲਾਨਾ ਭਾਸ਼ਣ ਪ੍ਰਤਿਯੋਗਤਾ ਕਰਵਾਈ ਗਈ।ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਸ ਭਾਸ਼ਣ ਪ੍ਰਤਿਯੋਗਤਾ 'ਚ ਪੰਜਾਬੀ ਭਾਸ਼ਾ(ਜੂਨੀਅਰ ਵਰਗ) ਦੇ ਵਿਸ਼ੇ ''ਪਾਣੀ ਦੀ ਸਾਂਭ ਸੰਭਾਲ'' ਅਤੇ ਅੰਗਰੇਜ਼ੀ ਭਾਸ਼ਾ (ਸੀਨੀਅਰ ਵਰਗ) ਦੇ ਵਿਸ਼ੇ “ ”ਭਾਰਤੀ ਚੋਣ ਪ੍ਰਣਾਲੀ 'ਚ ਖਾਮੀਆਂ ਅਤੇ ਸੁਧਾਰ ਲਈ ਸੁਝਾਅ”(Drawbacks in Indian electoral system and suggestions for improvement) ਬਾਰੇ ਪ੍ਰਤਿਯੋਗਤਾ ਕਰਵਾਈ ਗਈ। ਵੱਖ ਵੱਖ ਵਿਦਿਅਕ ਅਦਾਰਿਆ ਤੋਂ ਜੂਨੀਅਰ ਵਰਗ ਵਿੱਚ 21 ਅਤੇ ਸੀਨੀਅਰ ਵਰਗ ਵਿੱਚ 16 ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆ ਲਈ ਜੱਜਾਂ ਦੀ ਭੂਮਿਕਾ ਪੰਜਾਬੀ ਭਾਸ਼ਾ ਦੇ ਵਿਸ਼ੇ ਲਈ ਡਾ. ਸੁਰਿੰਦਰ ਕੌਰ ਗਿੱਲ ਰਿਟਾਇਰਡ ਪੀ.ਈ.ਐਸ.ਅਧਿਕਾਰੀ, ਸਰਕਾਰੀ ਕਾਲਜ ਰੂਪਨਗਰ ਦੇ ਰਾਜਨੀਤੀ ਵਿਗਿਆਨ ਦੇ ਲੈਕਚਰਾਰ ਪ੍ਰੋ.ਵਿਪਨ ਕੁਮਾਰ ਅਤੇ ਐਵਾਰਡ ਜੇਤੂ ਅਧਿਆਪਕਾ (ਰਿਟਾਇਰਡ) ਪਰਮਿੰਦਰ ਕੌਰ ਪੰਦੋਹਲ ਸਨ।ਅੰਗਰੇਜ਼ੀ ਭਾਸ਼ਾ ਦੇ ਵਿਸ਼ੇ ਲਈ ਕਰਨਲ ਵਿਨੋਦ ਚੌਧਰੀ, ਸਰਕਾਰੀ ਕਾਲਜ ਰੁਪਨਗਰ ਦੀ ਲੈਕਚਰਾਰ ਪ੍ਰੋ. ਸੁਖਵਿੰਦਰ ਕੌਰ ਤੇ ਬੇਲਾ ਕਾਲਜ ਦੀ ਲੈਕਚਰਾਰ ਪ੍ਰੋ. ਰਮਨਦੀਪ ਕੌਰ ਨੇ ਜੱਜਾਂ ਦੀ ਭੂਮਿਕਾ ਨਿਭਾਈ। ਪੰਜਾਬੀ ਵਿਸ਼ੇ ਦਾ ਸੰਚਾਲਨ ਡਾ. ਜਸਵੰਤ ਕੌਰ ਨੇ ਅਤੇ ਅੰਗ੍ਰੇਜ਼ੀ ਦਾ ਐਡਵੋਕੇਟ ਰਵਿੰਦਰ ਸਿੰਘ ਮੁੰਦਰਾ ਨੇ ਕੀਤਾ ਜਦੋਂ ਕਿ ਸ.ਰਾਜਿੰਦਰ ਸਿੰਘ ਨੇ ਟਾਈਮਕੀਪਰ ਦੀ ਜ਼ਿੰਮੇਵਾਰੀ ਨਿਭਾਈ। ਜੂਨੀਅਰ ਵਰਗ

ਦੇ ਮੁਕਾਬਲੇ ਵਿੱਚ ਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੀ ਮਨਿੰਦਰ ਕੌਰ ਨੇ ਪਹਿਲਾ, ਕਿਡਜ ਪੈਰਾਡਾਇਜ਼ ਸਕੂਲ ਰੰਗੀਲਪੁਰ ਦੀ ਅਰਸ਼ਦੀਪ ਕੌਰ ਨੇ ਦੂਜਾ ਤੇ ਸੈਂਟ ਕਾਰਮਲ ਸਕੂਲ ਕਟਲੀ ਦੀ ਮਨਜੌਤ ਕੌਰ ਨੇ ਤੀਜਾ ਇਨਾਮ ਜਿੱਤਿਆ ਹੈ। ਜਦੋਂ ਕਿ ਕਲਗੀਧਰ ਕੰਨਿਆ ਸਕੂਲ ਰੂਪਨਗਰ ਦੀ ਅਮਨਪ੍ਰੀਤ ਕੌਰ ਤੇ ਡੀਏਵੀ ਪਬਲਿਕ ਸਕੂਲ ਰੂਪਨਗਰ ਦੀ ਜਸਮੀਤ ਕੌਰ ਨੂੰ ਕਰਮਵਾਰ ਚੌਥੇ ਤੇ ਪੰਜਵੇ ਸਥਾਨ ਪ੍ਰਾਪਤ ਹੋਇਆ। ਸੀਨੀਅਰ ਵਰਗ ਵਿੱਚ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਦੀ ਕਵਿਤਾ ਨੇ ਪਹਿਲਾ, ਦਸਮੇਸ਼ ਅਕੈਡਮੀ ਸ਼੍ਰੀ ਅਨੰਦਪੁਰ ਸਾਹਿਬ ਦੀ ਰਵਨੀਤ ਕੌਰ ਨੇ ਦੂਜਾ ਤੇ ਸ਼ਿਵਾਲਿਕ ਪਬਲਿਕ ਸਕੂਲ ਰੂਪਨਗਰ ਦੀ ਹੀ ਭਾਵਿਕਾ ਨੇ ਤੀਜਾ ਸਥਾਨ, ਸੈਂਟ ਕਾਰਮਲ ਸਕੂਲ ਕਟਲੀ ਦੀ ਅਰਸ਼ਦੀਪ ਕੌਰ ਅਤੇ ਸਰਕਾਰੀ ਕਾਲਜ ਰੂਪਨਗਰ ਦੀ ਸਾਲੀਨੀ ਨੂੰ ਕਰਮਵਾਰ ਚੌਥਾ ਤੇ ਪੰਜਵਾਂ ਸਥਾਨ ਹਾਸਲ ਕੀਤਾ। ਇਸ ਭਾਸ਼ਣ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸੰਸਥਾ ਵੱਲੋਂ ਸਰਟੀਫਕੇਟ ਦਿੱਤੇ ਗਏ। ਦੋਵੇਂ ਵਰਗਾਂ ਵਿੱਚ ਪਹਿਲੇ ਪੰਜ ਸਥਾਨਾਂ 'ਤੇ ਰਹੇ ਜੇਤੂ ਵਿਦਿਆਰਥੀਆਂ ਨੂੰ ਸੰਸਥਾ ਵੱਲੋਂ 2 ਨਵੰਬਰ ਨੂੰ ਸੈਣੀ ਭਵਨ ਵਿਖੇ ਆਯੋਜਿਤ ਸਾਲਾਨਾ ਸਿੱਖਿਆ ਸਮਾਗਮ ਦੌਰਾਨ ਨਗਦ ਇਨਾਮ ਦਿੱਤੇ ਗਏ।ਸਮਾਗਮ ਨੂੰ ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ, ਵਾਇਸ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ, ਪ੍ਰਧਾਨ ਰਾਜਿੰਦਰ ਸੈਣੀ, ਟਰੱਸਟੀਆਂ ਡਾ. ਜਸਵੰਤ ਕੌਰ, ਐਡਵੋਕੇਟ ਰਾਵਿੰਦਰ ਸਿੰਘ ਮੰਦਰਾ, ਦੇਵਿੰਦਰ ਸਿੰਘ ਜਟਾਣਾ, ਪ੍ਰੋ. ਵਿਪਨ ਕੁਮਾਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਟਰੱਸਟ ਦੇ ਸਕੱਤਰ ਅਮਰਜੀਤ ਸਿੰਘ, ਸੰਸਥਾ ਟਰੱਸਟੀ ਕੈਪਟਨ ਹਾਕਮ ਸਿੰਘ, ਰਾਜਿੰਦਰ ਸਿੰਘ ਗਿਰਨ, ਰਾਮ ਸਿੰਘ ਸੈਣੀ, ਬਹਾਦਰਜੀਤ ਸਿੰਘ, ਗੁਰਮੁੱਖ ਸਿੰਘ ਲੋਂਗੀਆ, ਹਰਜੀਤ ਸਿੰਘ ਗਿਰਨ, ਸੁਰਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

**ਸਾਲਾਨਾ ਸਿੱਖਿਆ ਸਮਾਗਮ–**

**ਵਜੀਫ਼ਿਆਂ ਅਤੇ ਇਨਾਮਾਂ ਦੀ ਵੰਡ–**ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵੱਲੋ 2 ਨਵੰਬਰ, 2019 ਨੂੰ ਸੈਣੀ ਭਵਨ ਰੂਪਨਗਰ ਵਿਖੇ ਸਾਲਾਨਾ ਸਿੱਖਿਆ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਸਾਲਾਨਾ ਸਿੱਖਿਆ ਸਮਾਗਮ ਦਾ ਸਵੇਰੇ ਸਮੇਂ ਆਰੰਭ ਕਰਦਿਆਂ ਰੂਪਨਗਰ ਦੇ ਸੀਨੀਅਰ ਐਡਵੋਕੇਟ ਹਰਮੋਹਣ ਸਿੰਘ ਪਾਲ ਨੇ ਕਿਹਾ ਕਿ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਸਮਾਜ ਭਲਾਈ ਦਾ ਅਸਲੀ ਮਕਸਦ ਪੂਰਾ ਕਰ ਰਿਹਾ ਹੈ ਅਤੇ ਆਪਣੇ ਲੋਕ ਭਲਾਈ ਕੰਮਾਂ ਰਾਹੀ ਸਮਾਜ ਨੂੰ ਸਹੀ ਸੇਧ ਦੇ ਰਿਹਾ ਹੈ। ਉਨ੍ਹਾਂ ਸੈਣੀ ਭਵਨ ਦੇ ਮੋਢੀਆਂ ਨੂੰ ਯਾਦ ਕੀਤਾ ਜਿਨ੍ਹਾਂ ਵੱਲੋਂ ਇਹ ਸੰਸਥਾ ਕਾਇਮ ਕੀਤੀ ਗਈ ਹੈ। ਉਨ੍ਹਾਂ ਨੇ ਸੈਣੀ ਭਵਨ ਨੂੰ ਲੋਕ ਭਲਾਈ ਕਾਰਜਾਂ ਲਈ 21 ਹਜ਼ਾਰ ਰੁਪਏ ਦੀ ਮਦਦ ਵੀ ਕੀਤੀ। ਉਨ੍ਹਾਂ ਨੇ ਕੁੱਝ ਵਿਦਿਆਰਥੀਆਂ ਨੂੰ ਇਨਾਮ ਵੀ ਪ੍ਰਦਾਨ ਕੀਤੇ। ਇਸ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਲੋਕ ਸਭਾ ਮਨੀਸ਼ ਤਿਵਾੜੀ ਜੀ ਨੇ ਟਰੱਸਟ ਵੱਲੋਂ ਵੱਖ ਵੱਖ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹੁਸ਼ਿਆਰ ਅਤੇ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੇ **107 ਵਿਦਿਆਰਥੀਆਂ ਨੂੰ 5 ਲੱਖ 98 ਹਜ਼ਾਰ 500 ਰੁਪਏ ਦੇ ਵਜੀਫ਼ੇ ਵੰਡੇ।** ਇਸ ਸਮੇਂ **ਸਾਲਾਨਾ ਭਾਸ਼ਣ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ।** ਸੀਨੀਅਰ ਵਰਗ ਲਈ ਪਹਿਲਾ ਇਨਾਮ 2000/- ਰਪਏ, ਦੂਜਾ ਇਨਾਮ 1600/- ਰੁਪਏ, ਤੀਜਾ ਇਨਾਮ 1200/- ਰੁਪਏ ਸੀ। ਜੂਨੀਅਰ ਵਰਗ ਲਈ ਪਹਿਲਾ ਇਨਾਮ 1500/- ਰਪਏ, ਦੂਜਾ ਇਨਾਮ 1200 ਰੁਪਏ, ਤੀਜਾ ਇਨਾਮ 1000 ਰੁਪਏ ਸੀ। ਦੋਵੇਂ ਵਰਗਾਂ ਵਿੱਚ ਚੌਥੇ ਤੇ ਪੰਜਵੇਂ ਸਥਾਨਾਂ 'ਤੇ ਆਏ ਵਿਦਿਆਰਥੀਆਂ ਨੂੰ 500-500 ਦੇ ਕੰਸੋਲੇਸ਼ਨ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਮੇਂ ਸਾਲਾਨਾ ਭਾਸ਼ਨ ਪ੍ਰਤਿਯੋਗਤਾ ਦੇ ਦੋਵੇਂ ਵਰਗਾਂ ਵਿੱਚ ਪਹਿਲੇ ਸਥਾਨ 'ਤੇ ਆਏ ਵਿਦਿਆਰਥੀਆਂ ਨੇ ਆਪਣੇ ਵਿਦਵਤਾਭਰਪੂਰ ਭਾਸ਼ਨ ਪੇਸ਼ ਕਰ ਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ।

ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਲੋਕ ਸਭਾ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਵਿਕਾਸ ਲਈ ਸ਼ੁੱਧ ਵਾਤਾਵਰਣ ਦਾ ਹੋਣਾ ਅਤੀ ਜ਼ਰੂਰੀ ਹੈ।ਦੇਸ਼ ਅੰਦਰ ਪਾਈ ਜਾ ਰਹੀ ਇਸ ਗੰਭੀਰ ਸਮੱਸਿਆ ਦੇ ਹਲ ਲਈ ਹੁਣ ਨੌਜਵਾਨ ਵਰਗ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਵੱਲੋਂ ਵਿਦਿਆ ਦੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਨੂੰ ਸ਼ਲਾਘਾਯੋਗ ਕਦਮ ਦੱਸਿਆ ਅਤੇ ਟਰੱਸਟ ਨੂੰ 5 ਲੱਖ ਰੁਪਏ ਦੇਣ ਦੀ ਘੋਸ਼ਣਾ ਕੀਤੀ। ਉਨ੍ਹਾਂ ਕਿਹਾ ਟਰੱਸਟ ਨੂੰ ਆਪਣੇ ਲੋਕ ਸੇਵਾ ਦੇ ਕੰਮਾਂ ਲਈ ਰਾਜ ਸਰਕਾਰ ਦੀਆ ਸਕੀਮਾਂ ਤੋਂ ਵੀ ਲਾਭ ਲੈਣਾ ਚਾਹੀਦਾ ਹੈ।

**ਖਿਡਾਰੀਆਂ ਦਾ ਸਨਮਾਨ–** ਇਸ ਸਮੇ ਅਕਤੂਬਰ,2019 ਵਿੱਚ ਕੋਲਕਾਤਾ ਵਿਖੇ ਹੋਈ ਇੰਟਰਨੈਸ਼ਨਲ ਸਕੂਲ ਰੋਇੰਗ ਇੰਨਡੋਰ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨ ਤਮਗੇ ਜਿੱਤਣ ਵਾਲੇ ਪੰਜ ਖਿਡਾਰੀਆਂ- ਹਰਦੀਪ ਸਿੰਘ ਪਿੰਡ ਆਸਪੁਰ, ਦਿਲਪ੍ਰੀਤ ਸਿੰਘ, ਸਰਵਜੀਤ ਸਿੰਘ ਤੇ ਜਸਕਰਨ ਸਿੰਘ ਤਿੰਨੋ ਪਿੰਡ ਕਟਲੀ ਤੇ ਸੰਦੀਪ ਸਿੰਘ ਰੂਪਨਗਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।




**ਸਰਟੀਫਿਕੇਟ ਵੰਡ–** ਇਸ ਸਮੇਂ ਸੈਣੀ ਭਵਨ ਦੇ ਚਾਰ ਕਿੱਤਾ ਸਿਖਲਾਈ ਕੇਂਦਰਾਂ 'ਚ ਕੋਰਸ ਮੁਕੰਮਲ ਕਰਨ

ਵਾਲੀਆਂ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਗਏ।

**ਸੱਭਿਆਚਾਰਕ ਪ੍ਰੋਗਰਾਮ** -ਇਸ ਸਮਾਗਮ ਦੌਰਾਨ ਸੈਣੀ ਭਵਨ ਦੀਆਂ ਸਿੱਖਿਆਰਥਣਾਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਿਸ ਨੂੰ ਸਰੋਤਿਆਂ ਨੇ ਖੂਬ ਸਲਾਹਿਆ

**ਸਨਮਾਨ-** ਇਸ ਸਮੇਂ ਪੰਜਾਬ ਲਾਰਜ ਇੰਡਸਟਰੀ ਵਿਕਾਸ ਬੋਰਡ ਦੇ ਚੇਅਰਮੈਨ ਪਵਨ ਦੀਵਾਨ, ਰੂਪਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸੁਖਵਿੰਦਰ ਸਿੰਘ ਵਿਸਕੀ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ, ਵਜ਼ੀਫੇ ਦੇਣ ਵਾਲੇ ਦਾਨੀ ਸੱਜਣਾ, ਸੰਸਥਾ ਦੇ ਕੰਪਿਊਟਰ ਸਕੂਲ ਦੀ ਅਧਿਆਪਕਾ ਰੇਖਾ ਰਾਣੀ ਅਤੇ ਪ੍ਰੋਗ੍ਰੱਮ ਪੇਸ਼ ਕਰਨ ਵਾਲੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ।

**ਮੰਗਾਂ**- ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਡਾ. ਅਜਮੇਰ ਸਿੰਘ ਨੇ ਐਮ.ਪੀ. ਸਾਹਬ ਦੇ ਧਿਆਨ ਵਿੱਚ ਦੇਸ਼, ਸੂਬੇ, ਰੂਪਨਗਰ ਸ਼ਹਿਰ ਅਤੇ ਸੈਣੀ ਭਵਨ ਨਾਲ ਸਬੰਧਿਤ ਕੁੱਝ ਲੋਕ-ਮਸਲੇ ਧਿਆਨ ਵਿੱਚ ਲਿਆ ਕੇ ਇਨ੍ਹਾਂ ਨੂੰ ਜਲਦੀ ਹੱਲ ਕਰਨ ਦੀ ਪੁਰਜ਼ੋਰ ਅਪੀਲ ਕੀਤੀ, ਜਿਨ੍ਹਾਂ ਬਾਰੇ ਮੁੱਖ ਮਹਿਮਾਨ ਜੀ ਨੇ ਹਾਂਪੱਖੀ ਹੁੰਘਾਰਾ ਭਰਿਆ।

ਐਜੂਕੇਸ਼ਨ ਟਰੱਸਟ ਦੇ ਚੈਅਰਮੈਨ ਬਲਬੀਰ ਸਿੰਘ ਸੈਣੀ ਨੇ ਸੰਸਥਾ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਸਮਾਗਮ ਦੀ ਕਾਰਵਾਈ ਟਰਸਟ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਸੈਣੀ ਨੇ ਬਾਖੂਬੀ ਨਿਭਾਈ। ਨੂੰ ਡਾ. ਆਰ. ਐਸ. ਪਰਮਾਰ, ਵਾਇਸ ਪ੍ਰਧਾਨ ਡਾ. ਜਸਵੰਤ ਕੌਰ, ਟਰੱਸਟੀ ਦੇਵਿੰਦਰ ਸਿੰਘ ਜਟਾਣਾ ਅਤੇ ਟਰੱਸਟੀ ਬਹਾਦਰਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਟਰੱਸਟ ਦੇ ਸਕੱਤਰ ਅਮਰਜੀਤ ਸਿੰਘ,ਰੂਪਨਗਰ ਦੇ ਐਮ.ਸੀ. ਸ਼੍ਰੀ ਅਸ਼ੋਕ ਵਾਹੀ, ਟਰੱਸਟੀ ਗੁਰਮੁੱਖ ਸਿੰਘ, ਪੰਮੀ ਸੋਨੀ, ਟਰੱਸਟੀ ਰਾਮ ਸਿੰਘ ਸੈਣੀ, ਹਰਜੀਤ ਸਿੰਘ ਸੈਣੀ, ਐਡਵੋਕੇਟ ਰਾਵਿੰਦਰ ਮੁੰਦਰਾ, ਕੈਪਟਨ ਹਾਕਮ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਇੰਜ. ਕਰਨੈਲ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

**ਤਗਮਾ ਜੇਤੂ ਸੈਣੀ ਖਿਡਾਰਨਾਂ ਦਾ ਸਵਾਗਤ:-**

ਦੋਹਾ (ਕਤਰ) ਵਿਖੇ ਹੋਈ 14ਵੀਂ ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ 'ਚ ਰੂਪਨਗਰ ਜ਼ਿਲ੍ਹੇ ਦੀਆਂ ਭਾਰਤੀ ਟੀਮ ਦੀਆਂ ਜੇਤੂ ਸੈਣੀ ਬਰਾਦਰੀ ਦੀਆਂ ਖਿਡਾਰਨਾਂ ਜੈਸਮੀਨ ਕੌਰ ਅਤੇ ਖੁਸ਼ੀ ਸੈਣੀ ਦਾ 14 ਨਵੰਬਰ 2019 ਨੂੰ ਰੂਪਨਗਰ ਪਹੁੰਚਣ 'ਤੇ ਸ਼ਹਿਰ ਵਾਸੀਆਂ ਅਤੇ ਵੱਖ ਵੱਖ ਸੰਸਥਾਵਾਂ ਦੇ ਨਾਲ ਸੈਣੀ ਭਵਨ ਦੇ ਪ੍ਰਬੰਧਕਾਂ- ਸ.ਗੁਰਮੁੱਖ ਸਿੰਘ ਸੈਣੀ ਕੌਂਸਲਰ, ਸ਼੍ਰੀ ਰਜਿੰਦਰ ਸੈਣੀ, ਸ.ਗੁਰਮੁੱਖ ਸਿੰਘ ਲੌਂਗੀਆ, ਸ.ਸੁਰਿੰਦਰ ਸਿੰਘ, ਹਰਜੀਤ ਸਿੰਘ ਸੈਣੀ, ਸ. ਦਵਿੰਦਰ ਸਿੰਘ ਜਟਾਣਾ ਅਤੇ ਐਮ.ਸੀ. ਕੁਲਵੰਤ ਸਿੰਘ ਸੈਣੀ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਯਾਦ ਰਹੇ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਜੈਸਮੀਨ ਕੌਰ ਨੇ 10 ਮੀਟਰ ਏਅਰ ਰਾਈਫਲ ਯੂਥ ਸੀਨੀਅਰ ਕੈਟਾਗਿਰੀ 'ਚ ਸੋਨ ਤਗਮਾ ਜਿੱਤਿਆ ਹੈ ਜਦਕਿ ਖੁਸ਼ੀ ਸੈਣੀ ਨੇ ਮਹਿਲਾਵਾਂ ਦੇ ਜੂਨੀਅਰ ਵਰਗ ਵਿੱਚ 10 ਮੀਟਰ ਏਅਰ ਰਾਈਫਲ ਦੇ ਵਿਅਕਤੀਗਤ ਅਤੇ ਟੀਮ ਮੁਕਾਬਲੇ 'ਚ ਕ੍ਰਮਵਾਰ ਕਾਂਸੀ ਅਤੇ ਚਾਂਦੀ ਦੇ ਤਗ਼ਮੇ ਜਿੱਤੇ ਹਨ।

**ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਦਾ ਜਨਮ ਦਿਨ ਮਨਾਇਆ-**

ਸੈਣੀ ਭਵਨ ਅਤੇ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਦੇ ਸੰਸਥਾਪਕ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੇ ਪਹਿਲੀ ਅਕਤੂਬਰ ਨੂੰ 98ਵੇਂ ਜਨਮ ਦਿਨ 'ਤੇ ਸਰਬਤ ਦੇ ਭਲੇ ਲਈ ਰੱਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਧਾਰਨ ਪਾਠ ਦੇ ਭੋਗ ਪਾਏ ਗਏ। ਸਧਾਰਨ ਪਾਠ ਕਰਨ ਦੀ ਸੇਵਾ ਵੀ "ਆਪਣਾ ਘਰ" ਵਿੱਚ ਹੀ ਰਹਿ ਰਹੇ ਜਿੰਦਰ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਸਮਾਜ ਸੇਵੀ ਲੇਟ ਸ਼੍ਰੀ ਐਲ. ਆਰ. ਮੁੰਦਰਾ ਨੂੰ ਯਾਦ ਕਰਦਿਆ ਸਰਬਤ ਦੇ ਭਲੇ ਅਤੇ ਸਮਾਜ ਸੇਵਾ ਦੀਆਂ ਭਾਵਨਾ ਨੂੰ ਦ੍ਰਿੜ੍ਹ ਬਣਾਈ ਰੱਖਣ ਲਈ ਅਰਦਾਸ ਕੀਤੀ। ਇਸ ਮੌਕੇ 'ਤੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਕਿਹਾ ਕਿ ਪਹਿਲੀ ਅਕਤੂਬਰ 1921 ਨੂੰ ਜਨਮੇ ਸਵਰਗੀ ਸ਼੍ਰੀ ਐਲ. ਆਰ. ਮੁੰਦਰਾ ਸਮਾਜ ਸੇਵਾ ਲਈ ਉਸਾਰੂ ਸੋਚ ਰੱਖਣ ਵਾਲੀ ਇੱਕ ਵਿਚਾਰਧਾਰਾ ਸਨ। ਇਸ ਮੌਕੇ ਸੈਣੀ ਭਵਨ ਤੇ ਆਪਣਾ ਘਰ ਦੇ ਟਸੱਸਟੀਆਂ- ਡਾ. ਅਜਮੇਰ ਸਿੰਘ, ਬਲਬੀਰ ਸਿੰਘ ਸੈਣੀ, ਅਮਰਜੀਤ ਸਿੰਘ, ਕੈਪਟਨ ਹਾਕਮ ਸਿੰਘ, ਡਾ. ਜਸਵੰਤ ਕੌਰ ਸੈਣੀ, ਬਲਵਿੰਦਰ ਕੌਰ, ਸੁਰਿੰਦਰ ਸਿੰਘ, ਰਾਜਿੰਦਰ ਸਿੰਘ ਗਿਰਨ, ਐਮ. ਸੀ. ਸ਼ਰਮਾ, ਬਹਾਦਰਜੀਤ ਸਿੰਘ, ਵਿਨੋਦ ਜੈਨ, ਜੇ. ਐਸ ਭਾਟੀਆ, ਗੁਰਚਰਨ ਸਿੰਘ, ਤੋਂ ਇਲਾਵਾ ਉੱਘੇ ਸਮਾਜ ਸੇਵਕ ਸੰਸਥਾ ਦੇ ਪੈਟਰਨ ਡਾ. ਆਰ. ਐਸ ਪਰਮਾਰ, ਇੰਨਰਵੀਲ ਕਲੱਬ ਦੀ ਪ੍ਰਧਾਨ ਵਨੀਤ ਗੁਪਤਾ, ਆਸੀਮਾ ਅਗਰਵਾਲ, ਚੰਦਰ ਕਾਂਤਾ ਸੈਣੀ, ਅਮੀਤਾ ਬਵੇਜਾ, ਸੀਨੀਅਰ ਸਿਟੀਜ਼ਨਜ਼ ਕੌਂਸਲ ਦੇ ਪ੍ਰਧਾਨ ਇੰਜ ਕਰਨੈਲ ਸਿੰਘ, ਆਰ. ਐਸ. ਸੈਣੀ, ਊਸ਼ਾ ਟੰਡਨ, ਧਰਮ ਪਾਲ ਆਲੂਵਾਲੀਆ, ਵਿਜੈ ਲਕਛਮੀ, ਕੁਲਬੀਰ ਸਿੰਘ ਭੋਗਲ ਆਦਿ ਵੀ ਹਾਜ਼ਰ ਸਨ। ਇਸ ਸਮੇਂ ਸਭ ਨੇ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੀ ਤਸਵੀਰ 'ਤੇ ਫੁੱਲ ਭੇਟ ਕਰ ਕੇ ਉਨ੍ਹਾਂ ਨੂੰ ਸ਼ਰਧਾਜਲੀ ਭੇਟ ਕੀਤੀ।

**ਨਵੇਂ ਸਾਲ ਦਾ ਸਵਾਗਤ :**

ਸੈਣੀ ਭਵਨ ਦੇ ਪ੍ਰਬੰਧਕਾਂ ਨੇ ਸਾਲ 2019 ਦੇ ਆਖਰੀ ਦਿਨ ਬਿਤੇ ਸਾਲ ਨੂੰ ਸਨਮਾਨ ਪੂਰਬਕ ਅਤੇ ਨਵੇਂ ਸਾਲ ਨੂੰ ਨਿੱਘੀ ਜੀ ਆਇਆਂ ਕਹਿਣ ਲਈ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਅਤੇ ਗੁਜ਼ਰੇ ਸਾਲ ਦੀਆਂ ਪ੍ਰਾਪਤੀਆਂ ਤੇ ਝਾਤ ਮਾਰਦਿਆਂ ਨਵੇਂ ਸਾਲ ਲਈ ਯੋਜਨਾਵਾਂ ਉਲੀਕੀਆਂ ਗਈਆਂ।



## ਮਿਤੀ 2 ਨਵੰਬਰ,2019 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਸਾਲਾਨਾ ਸਿੱਖਿਆ ਸਮਾਗਮ ਸਮੇਂ ਮੁੱਖ ਮਹਿਮਾਨ ਸ਼੍ਰੀ ਮਨੀਸ਼ ਤਿਵਾੜੀ, ਮਾਨਯੋਗ ਮੈਂਬਰ ਪਾਰਲੀਮੈਂਟ ਅਨੰਦਪੁਰ ਸਾਹਿਬ ਨੂੰ ਪੇਸ਼ ਕੀਤਾ ਮੰਗ ਪੱਤਰ

**ਦਵਿੰਦਰ ਸਿੰਘ ਜਟਾਣਾ**
ਸੈਣੀ ਭਵਨ
ਰੂਪਨਗਰ

• ਰੂਪਨਗਰ ਸ਼ਹਿਰ ਦਾ ਰੇਲਵੇ ਸਟੇਸ਼ਨ ਬਹੁਤ ਪੁਰਾਣਾ ਹੈ। ਇਸ ਦਾ ਇੱਕ ਹੀ ਪਲੈਟਫਾਰਮ ਹੈ। ਇਹ ਰੇਲਵੇਲਾਈਨ ਹਿਮਾਚਲ ਪ੍ਰਦੇਸ਼ ਨੂੰ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਨਾਲ ਜੋੜਦੀ ਹੈ। ਹੁਣ ਅਮ੍ਰਿਤਸਰ, ਪਟਨਾ ਅਤੇ ਤਖਤ ਹਜ਼ੂਰ ਸਾਹਿਬ ਨਾਲ ਵੀ ਸਿੱਧਾ ਰੇਲਵੇ ਸੰਪਰਕ ਹੋ ਗਿਆ ਹੈ। ਇਸ ਰੇਲਵੇਲਾਈਨ 'ਤੇ ਰੋਪੜ ਥਰਮਲ ਪਲਾਂਟ ਨੂੰ ਧੰਨਬਾਦ ਤੋਂ ਕੋਲਾ ਲੈ ਕੇ ਆਉਣ ਵਾਲੀਆਂ ਗੱਡੀਆਂ ਵੀ ਚੱਲਦੀਆਂ ਹਨ। ਇਸ ਤੋਂ ਇਲਾਵਾ ਰੇਲਵੇਲਾਈਨ ਦਾ ਊਨਾ ਤੋਂ ਵੀ ਅੱਗੇ ਤੱਕ ਵਿਸਤਾਰ ਹੋ ਗਿਆ ਹੈ। ਇਸ ਲਈ ਗੱਡੀਆਂ ਦੀ ਗਿਣਤੀ ਬਹੁਤ ਵਧ ਗਈ ਹੈ। ਕਈ ਵੇਰ ਦੋਵੇਂ ਪਾਸਿਆਂ ਤੋਂ ਇੱਕੋ ਸਮੇਂ ਗੱਡੀਆਂ ਆ ਜਾਣ ਨਾਲ ਸਵਾਰੀਆਂ ਨੂੰ ਭਾਰੇ ਸਾਮਾਨ ਸਮੇਤ ਉਤਰਨ-ਚੜ੍ਹਨ ਲਈ ਰੇਲਵੇਲਾਈਨ ਟੱਪਣੀ ਪੈਂਦੀ ਹੈ ਜੋ ਕਿ ਬਹੁਤ ਖਤਰਨਾਕ ਅਤੇ ਨਿਯਮਾਂ ਦੀ ਉਲੰਘਣਾ ਹੈ। ਇਸ ਲਈ ਬੇਨਤੀ ਹੈ ਕਿ **ਇੱਕ ਹੋਰ ਪਲੈਟਫਾਰਮ ਅਤੇ ਦੋਵੇਂ ਪਲੈਟਫਾਰਮਾਂ ਨੂੰ ਜੋੜਨ ਲਈ ਪੈਦਲ-ਓਵਰ ਬ੍ਰਿਜ ਬਣਾਇਆ ਜਾਵੇ।**(ਇਸ ਮੰਗ ਨੂੰ ਮੰਨ ਕੇ ਕਾਰਜ ਅਰੰਭ ਹੋ ਗਿਆ ਹੈ।

• ਰੂਪਨਗਰ ਇਲਾਕੇ ਵਿੱਚ ਬਹੁਤ ਘੱਟ ਕੇਂਦਰੀ ਅਦਾਰੇ ਹਨ। ਇਸ ਦੇ ਬਾਵਜੂਦ ਕਿ ਇਨ੍ਹਾਂ ਲਈ ਸ਼ਹਿਰ ਦੇ ਆਸਪਾਸ ਕਾਫੀ ਸਰਕਾਰੀ ਜਗ੍ਹਾ ਉਪਲਬਧ ਹੈ। ਕੁੱਝ ਸਾਲ ਪਹਿਲਾਂ ਇੱਥੇ **ਭਾਰਤੀ ਫੌਜ ਦਾ ਸਰਵਿਸ ਸਲੈਕਸ਼ਨ ਬੋਰਡ** ਸਥਾਪਿਤ ਕਰਨ ਦੀ ਤਜ਼ਵੀਜ਼ ਬਣੀ ਸੀ। ਇਸ ਮੰਤਵ ਲਈ ਜਗ੍ਹਾ ਦਾ ਸਰਵੇ ਵੀ ਹੋ ਗਿਆ ਸੀ। ਪਰ ਕਿਸੇ ਕਾਰਨ ਇਹ ਤਜ਼ਵੀਜ਼ ਸਿਰੇ ਨਹੀਂ ਚੜ੍ਹੀ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਸਲਾ ਕੇਂਦਰ ਸਰਕਾਰ ਪਾਸ ਉਠਾ ਕੇ ਰੂਪਨਗਰ ਨੂੰ ਇਨਸਾਫ ਦਿਵਾਇਆ ਜਾਵੇ।(* ਸੈਣੀ ਭਵਨ ਦੀ ਇਸ ਮੰਗ ਦੀ ਪੂਰਤੀ ਹਿਤ ਐਮ.ਪੀ. ਮਨੀਸ਼ ਤਿਵਾੜੀ ਜੀ ਨੇ ਇਹ ਮਸਲਾ ਕੇਂਦਰੀ ਰੱਖਿਆ ਮੰਤਰੀ ਦੇ ਧਿਆਨ ਵਿੱਚ ਲਿਆ ਕੇ ਯੋਗ ਕਾਰਵਾਈ ਕਰਨ ਲਈ ਬੇਨਤੀ ਕੀਤੀ ਹੈ।-ਸੰਪਾਦਕ)

• ਰੂਪਨਗਰ ਸ਼ਹਿਰ ਦੀ ਆਵਾਜਾਈ ਦੀ ਭੀੜ ਨੂੰ ਘੱਟ ਕਰਨ ਲਈ ਐਨ.ਸੀ.ਸੀ.ਸੈਂਟਰ ਨੇੜੇ ਨਹਿਰ ਦੇ ਪੁਲ ਤੋਂ ਨੈਸ਼ਨਲ ਹਾਈ ਵੇਅ (ਮਨਾਲੀ ਵਾਲਾ) ਤੱਕ ਇੱਕ **ਮਿਨੀ ਬਾਈਪਾਸ** ਬਣਾਉਣਾ ਸ਼ੁਰੂ ਕੀਤਾ ਗਿਆ ਸੀ ਜੋ ਕਿ ਰੇਲਵੇਲਾਈਨ ਦੇ ਥੱਲਿਓਂ ਲੰਘਦਾ ਹੈ। ਰੇਲਵੇ ਅਥਾਰਟੀਜ਼ ਦੇ ਇਤਰਾਜ਼ ਕਾਰਨ ਇਹ ਅਧੂਰਾ ਪਿਆ ਹੈ। ਇਸ ਨੂੰ ਪੂਰਾ ਕਰਵਾਉਣ ਦਾ ਉਪਰਾਲਾ ਕੀਤਾ ਜਾਵੇ।

• ਰੂਪਨਗਰ ਸ਼ਹਿਰ ਦੇ ਬਗਲ ਤੋਂ ਸਰਹੰਦ ਨਹਿਰ ਨਿਕਲਦੀ ਹੈ। ਇਸ ਦੇ ਦੋਵੇਂ ਕਿਨਾਰਿਆਂ 'ਤੇ ਬਹੁਤ ਜਗ੍ਹਾ ਹੈ ਜਿੱਥੇ ਕਿ ਝਾੜੀਆਂ-ਬੂਟੀਆਂ ਅਤੇ ਹੋਰ ਜੰਗਲੀ ਦਰਖਤ ਉਗੇ ਹੋਏ ਹਨ। ਇਨ੍ਹਾ ਵਿੱਚ ਸ਼ਹਿਰ ਦਾ ਕੂੜਾ-ਕਰਕਟ ਤੇ ਹੋਰ ਗੰਦ ਸੁੱਟਿਆ ਜਾ ਰਿਹਾ ਹੈ। **ਨਹਿਰ ਦੇ ਦੋਵੇਂ ਕਿਨਾਰਿਆਂ 'ਤੇ ਸੁੰਦਰ ਦਰਖਤ-ਬੂਟੇ ਲਗਾ ਕੇ ਅਤੇ ਸਫਾਈ ਕਰਵਾ ਕੇ ਸ਼ਹਿਰ ਨੂੰ ਖੂਬਸੂਰਤ ਦਿੱਖ** ਦਿੱਤੀ ਜਾ ਸਕਦੀ ਹੈ। ਇਸ ਲਈ ਪੰਜਾਬ ਸਰਕਾਰ ਤੋਂ ਅਜਿਹਾ ਕੋਈ ਪ੍ਰਾਜੈਕਟ ਪ੍ਰਵਾਨ ਕਰਵਾਉਣ ਦੀ ਮਿਹਰਬਾਨੀ ਕੀਤੀ ਜਾਵੇ।

• ਸੈਣੀ ਭਵਨ ਰੂਪਨਗਰ ਵਿੱਚ ਸਥਾਪਿਤ ਦੋ ਸਵੈਸੇਵੀ ਸੰਸਥਾਵਾਂ (ਰਜਿ.) ਵਲੋਂ ਕਈ ਸਾਲਾਂ ਤੋਂ ਇੱਥੇ ਸਲਾਈ-ਕਢਾਈ, ਕੰਪਿਊਟਰ, ਫੈਸ਼ਨ-ਡਿਜ਼ਾਇਨਿੰਗ ਅਤੇ ਬਿਊਟੀਸ਼ਿਅਨ ਆਰਟ ਦੇ ਚਾਰ ਕਿੱਤਾ ਸਿਖਲਾਈ ਸੈਂਟਰ-ਚਲਾਏ ਜਾ ਰਹੇ ਹਨ। ਸਮਾਜ ਦੇ ਕਮਜ਼ੋਰ ਵਰਗ ਦੀਆਂ ਸੈਕੜੇ ਲੜਕੀਆਂ ਇੱਥੋਂ ਸਿੱਖਿਆ ਪ੍ਰਾਪਤ ਕਰ ਕੇ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਚੁੱਕੀਆਂ ਹਨ। ਇਨ੍ਹਾਂ ਤੋਂ ਨਾਮਾਤਰ ਫੀਸ ਲਈ ਜਾਂਦੀ ਹੈ ਅਤੇ ਲੋੜ ਅਨੁਸਾਰ ਮਾਫ ਵੀ ਕਰ ਦਿੱਤੀ ਜਾਂਦੀ ਹੈ।ਇਨ੍ਹਾਂ ਕੇਂਦਰਾਂ ਵਿੱਚ ਸਿਖਿਆਰਥਣਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਹੁਣ ਇਨ੍ਹਾਂ ਸੈਂਟਰਾਂ ਦੀ ਸਿਖਲਾਈ-ਮਸ਼ੀਨਰੀ ਪੁਰਾਣੀ ਅਤੇ ਨਾਕਾਫੀ ਹੋ ਗਈ ਹੈ ਜਿਸ ਨੂੰ ਸਮੇਂ ਦੀ ਮੰਗ ਅਨੁਸਾਰ ਅਪਗ੍ਰੇਡ ਕਰਨ ਤੇ ਵਧਾਉਣ ਦੀ ਜ਼ਰੂਰਤ ਹੈ। ਸੈਣੀ ਭਵਨ ਦੇ ਅਦਾਰਿਆਂ ਦੀ ਆਮਦਨ ਦਾ ਮੁੱਖ ਸਰੋਤ ਲੋਕਾਂ ਵਲੋਂ ਦਿੱਤਾ ਦਾਨ ਜਾਂ ਸਰਕਾਰੀ ਸਹਾਇਤਾ ਹੈ। ਇਸ ਲਈ ਬੇਨਤੀ ਹੈ ਕਿ **ਸੈਣੀ ਭਵਨ ਦੇ ਵਿਕਾਸ ਕਾਰਜਾਂ- ਨਵਾਂ ਫਰਨੀਚਰ, ਨਵੇਂ ਕੰਪਿਊਟਰ, ਨਵੀਆਂ ਸਿਲਾਈ ਮਸ਼ੀਨਾਂ, ਆਧੁਨਿਕ ਕਢਾਈ ਮਸ਼ੀਨਾਂ ਅਤੇ ਬਿਊਟਿਸ਼ਿਅਨ ਆਰਟ ਦਾ ਮਹਿੰਗਾ ਸਾਮਾਨ ਖਰੀਦਣ ਲਈ ਸੈਣੀ ਭਵਨ ਦੇ ਟਰੱਸਟਾਂ ਨੂੰ ਆਪਣੇ ਅਖਤਿਆਰੀ ਫੰਡਾਂ ਵਿੱਚੋਂ ਪੰਜ (5) ਲੱਖ ਰੁਪਏ** ਦੇਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

• ਆਪ ਜੀ ਨੂੰ ਬੇਨਤੀ ਹੈ ਕਿ ਰੂਪਨਗਰ ਇਲਾਕੇ, ਸ਼ਹਿਰ ਅਤੇ ਸੈਣੀ ਭਵਨ ਦੀਆਂ ਉਪਰੋਕਤ ਜਾਇਜ਼ ਲੋੜਾਂ/ਮੰਗਾਂ ਨੂੰ ਪ੍ਰਵਾਨ ਕਰਨ ਦੀ ਮਿਹਰਬਾਨੀ ਕੀਤੀ ਜਾਵੇ ਜੀ। ਸੈਣੀ ਭਵਨ ਦੇ ਪ੍ਰਬੰਧਕ ਆਪ ਦੇ ਅਤਿ ਧੰਨਵਾਦੀ ਹੋਣਗੇ।

ਵਿਸ਼ਵਪੱਧਰੀ ਵਕਾਰੀ ਸਨਮਾਨ

# ਨੋਬਲ ਪੁਰਸਕਾਰ

**ਮਨਜੀਤ ਸਿੰਘ ਤੰਬੜ**
ਪੰਜੌੜ, ਹੁਸ਼ਿਆਰਪੁਰ



ਨੋਬਲ ਪੁਰਸਕਾਰ ਹਰ ਸਾਲ ਅਕਾਦਮਿਕ, ਸੱਭਿਆਚਾਰਕ ਅਤੇ ਵਿਗਿਆਨਕ ਖੇਤਰ ਵਿੱਚ ਮਨੁਖੀ ਭਲਾਈ ਹਿਤ ਕੀਤੇ ਕਾਰਜਾਂ/ਖੋਜਾਂ ਲਈ ਸਨਮਾਨ ਵਜੋਂ ਪ੍ਰਦਾਨ ਕੀਤੇ ਜਾਂਦੇ ਹਨ। ਇਹ ਪੁਰਸਕਾਰ ਸਵੀਡਨ ਦੇਸ਼ ਦੇ ਵਿਗਿਆਨੀ, ਇੰਜਨੀਅਰ ਤੇ ਕਾਰਖਾਨੇਦਾਰ ਅਲਫਰੈਡ ਨੋਬਲ (1833-1896) ਦੀ ਵਸੀਅਤ ਅਨੁਸਾਰ ਉਸ ਦੀ ਜਾਇਦਾਦ ਦੇ ਪੈਸੇ ਨਾਲ ਦਿੱਤੇ ਜਾਂਦੇ ਹਨ। ਅਲਫਰੈਡ ਇੱਕ ਜੀਨੀਅਸ ਖੋਜੀ ਵਿਅਕਤੀ ਸੀ ਜਿਸ ਨੇ 355 ਚੀਜ਼ਾਂ ਆਪਣੇ ਨਾਂ ਪੇਟੈਂਟ ਕਰਵਾਈਆਂ ਹੋਈਆਂ ਸਨ। ਉਸ ਦੀ ਮੌਤ ਤੋਂ ਪੰਜ ਸਾਲ ਬਾਅਦ 1901 ਵਿੱਚ ਆਰੰਭ ਹੋਏ ਪੰਜ ( ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ, ਸਰੀਰ ਵਿਗਿਆਨ, ਸਾਹਿਤ ਅਤੇ ਵਿਸ਼ਵ-ਸ਼ਾਂਤੀ) ਅਤੇ 1969 ਤੋਂ ਸ਼ੁਰੂ ਹੋਏ ਛੇਵੇਂ (ਅਰਥ-ਵਿਗਿਆਨ) ਲਈ ਸਾਲ 2019 ਤੱਕ 950 ਵਿਅਕਤੀਆਂ ਨੂੰ 597 ਨੋਬਲ ਪੁਰਸਕਾਰ ਪ੍ਰਦਾਨ ਕੀਤੇ ਗਏ ਹਨ। ਇਨ੍ਹਾਂ ਪੁਰਸਕਾਰਾਂ ਲਈ ਚੋਣ ਸਵੀਡਨ ਅਤੇ ਨਾਰਵੇ ਦੀਆਂ ਸੰਸਥਾਵਾਂ ਵਲੋਂ ਕੀਤੀ ਜਾਂਦੀ ਹੈ। ਹਰ ਸਾਲ 10 ਦਸੰਬਰ( ਅਲਫਰੈਡ ਨੋਬਲ ਦਾ ਮ੍ਰਿਤੂ-ਦਿਵਸ) ਨੂੰ ਪੰਜ ਪੁਰਸਕਾਰ ਸਵੀਡਨ ਦੀ ਰਾਜਧਾਨੀ ਸਟਾਕਹਾਮ ਵਿੱਚ ਅਤੇ ਇੱਕ,ਵਿਸ਼ਵ-ਸ਼ਾਂਤੀ ਪੁਰਸਕਾਰ ਨਾਰਵੇ ਦੀ ਰਾਜਧਾਨੀ ਓਸਲੋ ਵਿੱਚ ਇੱਕ ਸਮਾਗਮ ਦੌਰਾਨ ਦਿੱਤੇ ਜਾਂਦੇ ਹਨ। ਪੁਰਸਕਾਰ ਵਿੱਚ ਨਗਦ ਰਾਸ਼ੀ ( 2019 ਲਈ ਲੱਗਭੱਗ 986000 ਅਮਰੀਕੀ ਡਾਲਰ), ਇੱਕ ਤਮਗਾ ਅਤੇ ਡਿਪਲੋਮਾ ਸ਼ਾਮਿਲ ਹਨ।

ਮਾਣ ਦੀ ਗੱਲ ਹੈ ਕਿ ਹੁਣ ਤੱਕ 54 ਔਰਤਾਂ ਨੋਬਲ ਇਨਾਮ ਲੈ ਚੁੱਕੀਆਂ ਹਨ ਜਿਨ੍ਹਾਂ ਵਿੱਚ ਵਿਗਿਆਨੀ **ਮੇਰੀ ਕਿਊਰੀ** ਵੀ ਸ਼ਾਮਲ ਹੈ ਜਿਸ ਨੇ 1903 ਵਿੱਚ ਭੌਤਿਕ ਵਿਗਿਆਨ ਅਤੇ 1911 ਵਿੱਚ ਰਸਾਇਣਕ ਵਿਗਿਆਨ ਦਾ ਪੁਰਸਕਾਰ ਹਾਸਲ ਕੀਤਾ ਸੀ। ਉਹ ਦੋ ਨੋਬਲ ਇਨਾਮ ਹਾਸਲ ਕਰਨ ਵਾਲੀ **ਵਿਸ਼ਵ ਦੀ ਇੱਕੋ ਇੱਕ ਔਰਤ ਹੈ।** ਸਾਲ 2014 ਦਾ ਸ਼ਾਂਤੀ ਪੁਰਸਕਾਰ 17 ਸਾਲ ਦੀ **ਮਲਾਲਾ ਯੂਸਫਜ਼ਈ** ਨੇ ਹਾਸਲ ਕਰਕੇ **ਸਭ ਤੋਂ ਛੋਟੀ ਉਮਰ ਦੀ ਨੋਬਲ ਇਨਾਮ ਜੇਤੂ** ਬਣਨ ਦਾ ਮਾਣ ਹਾਸਲ ਕੀਤਾ ਹੈ। ਸਾਲ 2018 ਦਾ ਸਾਹਿਤ ਪੁਰਸਕਾਰ ਵੀ **ਪੋਲੈਂਡ ਦੀ ਲੇਖਕਾ ਓਲਗਾ ਤੋਕਾਰਚੁਕ** ਨੂੰ ਪ੍ਰਦਾਨ ਕੀਤਾ ਗਿਆ ਹੈ। ਉਹ ਸਾਹਿਤ ਦੇ ਖੇਤਰ ਵਿੱਚ ਇਹ ਵੱਕਾਰੀ ਇਨਾਮ ਪ੍ਰਾਪਤ ਕਰਨ ਵਾਲੀ ਵਿਸ਼ਵ ਦੀ 15ਵੀਂ ਔਰਤ ਹੈ।

**ਸਾਲ 2019 ਦੇ ਨੋਬਲ ਪੁਰਸਕਾਰ-** ਇਸ ਸਾਲ 14 ਵਿਅਕਤੀਆਂ ਨੂੰ ਨੋਬਲ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।



**ਭੌਤਿਕ ਵਿਗਿਆਨ -** ਸਾਲ 1901 ਤੋਂ 2019 ਤੱਕ ਪ੍ਰਦਾਨ ਕੀਤੇ ਗਏ 113 ਪੁਰਸਕਾਰਾਂ ਨੂੰ 213 ਭੌਤਿਕ ਵਿਗਿਆਨੀ ਹਾਸਲ ਕਰਨ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ। ਸਾਲ 2019 ਦਾ ਇਹ ਪੁਰਸਕਾਰ ਤਿੰਨ ਵਿਗਿਆਨੀਆਂ ਨੇ ਸਾਝੇ ਤੌਰ 'ਤੇ ਹਾਸਲ ਕੀਤਾ ਹੈ। ਇੱਕ ਹੈ- ਬ੍ਰਹਿਮੰਡ ਦੇ ਵਿਕਾਸ ਅਤੇ ਇਸ ਵਿੱਚ ਧਰਤੀ ਦਾ ਸਥਾਨ ਸਮਝਣ ਲਈ ਕੀਮਤੀ ਖੋਜਾਂ ਕਰਨ ਵਾਲਾ ਕੈਨੇਡੀਅਨ ਮੂਲ ਦਾ ਅਮਰੀਕੀ ਵਿਗਿਆਨੀ **ਜੇਮਸ ਪੀਬਲਸ,** ਦੂਜੇ ਤੇ ਤੀਜੇ ਦੋ ਹਨ- ਸੂਰਜ ਵਰਗੇ ਇੱਕ ਹੋਰ ਤਾਰੇ ਦੁਆਲੇ ਘੁੰਮਣ ਵਾਲੇ ਗ੍ਰਹਿ ਐਕਸੋਪਲੈਨੇਟ ਦੀ ਖੋਜ ਕਰਨ ਵਾਲੇ ਸਵਿਟਜ਼ਰਲੈਂਡ ਦੇ ਵਿਗਿਆਨੀ **ਮਿਸ਼ੇਲ ਮੇਅਰ ਅਤੇ ਡਿਡੀਏਰ ਕੁਏਲੋਜ।**

ਵਰਣਨਯੋਗ ਹੈ ਕਿ ਭੌਤਿਕ ਵਿਗਿਆਨੀ ਜਾਹਨ ਬੇਰਡੀਨ ਨੇ ਇਹ ਪੁਰਸਕਾਰ ਦੋ ਵੇਰ-1956 ਅਤੇ 1972 ਵਿੱਚ ਲਿਆ ਸੀ।



**ਰਸਾਇਣਕ ਵਿਗਿਆਨ-** ਇਸ ਸ਼ੇਣੀ ਅਧੀਨ ਸੰਨ 1901 ਤੋਂ 2019 ਤੱਕ 111 ਪੁਰਸਕਾਰ 184 ਵਿਗਿਆਨੀਆਂ ਨੂੰ ਦਿੱਤੇ ਗਏ ਹਨ। **ਫਰੈਡਰਿਕ ਸੰਗੇਰ** ਇੱਕੋ ਇੱਕ ਅਜਿਹੇ ਵਿਗਿਆਨੀ ਹਨ ਜਿਸ ਨੇ ਇਹ ਪੁਰਸਕਾਰ **ਦੋ ਵੇਰ**-1958 ਅਤੇ 1980 ਵਿੱਚ ਪ੍ਰਾਪਤ ਕੀਤਾ ਹੈ। ਇਸ ਸਾਲ ਇਹ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਇਹ ਹਨ- ਅਮਰੀਕਾ ਦੇ **ਜੌਹਨ ਗੁੱਡਇਨਫ** ਜੋ ਹੁਣ ਤੱਕ ਦੇ ਨੋਬਲ ਇਨਾਮ ਜੇਤੂਆਂ ਵਿਚੋਂ **ਸਭ ਤੋਂ ਵੱਧ ਉਮਰ ਦੇ** ਹਨ, ਜਾਪਾਨ ਦੇ **ਅਕੀਰਾ ਯੈਸ਼ੀਨੋ** ਅਤੇ ਬਰਤਾਨੀਆਂ ਦੇ **ਸਟੈਨਲੇਅ ਵਿਟੰਘਮ**। ਇਨ੍ਹਾਂ ਇਹ ਪੁਰਸਕਾਰ ਲਿਥੀਅਮ ਬੈਟਰੀਆਂ ਬਣਾਉਣ ਲਈ ਦਿੱਤਾ ਗਿਆ ਹੈ। ਇਹ ਬਹੁਤ ਹੀ ਹਲਕੀਆਂ ਪਰ ਸ਼ਕਤੀਸ਼ਾਲੀ ਹਨ ਜੋ ਰੀਚਾਰਜ ਹੋ ਸਕਦੀਆਂ ਹਨ। ਇਹ ਸੂਰਜੀ ਊਰਜਾ ਅਤੇ ਵਾਯੂ ਊਰਜਾ ਨੂੰ ਵੀ ਆਪਣੇ ਅੰਦਰ ਜਮ੍ਹਾਂ ਕਰਨ ਦੀ ਸਮਰਥਾ ਰਖਦੀਆਂ ਹਨ। ਇਹ ਬੈਟਰੀਆਂ ਮੋਬਾਈਲ ਫੋਨ, ਲੈਪਟਾਪ ਅਤੇ

ਬਿਜਲੀ ਵਾਹਨਾ ਵਿੱਚ ਵਰਤੀਆਂ ਜਾ ਸਕਦੀਆਂ ਹਨ।

**ਸਰੀਰ ਵਿਗਿਆਨ/ ਦਵਾਈਆਂ-** ਇਸ ਸ਼੍ਰੇਣੀ ਅਧੀਨ 1901 ਤੋਂ 2019 ਤੱਕ 110 ਪੁਰਸਕਾਰ 219 ਕਰਮਯੋਗੀ



ਵਿਗਿਆਨੀਆਂ ਨੂੰ ਦਿੱਤੇ ਜਾ ਚੁੱਕੇ ਹਨ। ਇਸ ਸਾਲ ਦਾ ਨੋਬਲ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਪ੍ਰਦਾਨ ਕੀਤਾ ਗਿਆ ਹੈ। ਅਮਰੀਕਾ ਦੇ ਵਿਗਿਆਨੀਆਂ- **ਵਿਲੀਅਮ ਕਾਲਿਨ ਤੇ ਗ੍ਰੇਗ ਸੇਮੇਂਜ਼ਾ ਅਤੇ** ਬਰਤਾਨੀਆਂ ਦੇ **ਪੀਟਰ ਰੈਟਕਲਿਫ** ਨੇ ਸਾਂਝੇ ਤੌਰ 'ਤੇ ਹਾਸਲ ਕੀਤਾ ਹੈ। ਕਾਲਿਨ ਅਮਰੀਕਾ ਦੇ ਹਾਵਰਡ ਹਿਊਜਿਸ ਮੈਡੀਕਲ ਇੰਸਟੀਚਿਊਟ ਵਿੱਚ ਕੰਮ ਕਰਦੇ ਹਨ ਅਤੇ ਸੇਮੇਜ਼ਾ, ਜੌਹਨਵੈਪਕਿਨਜ਼ ਇੰਸਟੀਚਿਊਟ ਫਾਰ ਸੈੱਲ ਇੰਜਨੀਅਰਿੰਗ 'ਚ ਵੈਸਕੁਲਰ ਰਿਸਰਚ ਦੇ ਡਾਇਰੈਕਰਟ ਹਨ। ਇਨ੍ਹਾਂ ਵਿਗਿਆਨੀਆਂ ਨੇ ਖੋਜ ਕਰ ਕੇ ਦੱਸਿਆ ਹੈ ਕਿ ਆਕਸੀਜਨ ਦਾ ਪੱਧਰ ਮਨੁੱਖ ਦੇ ਸੈਲੁਲਰ ਮੈਟਾਬੋਲਿਜ਼ਮ ਅਤੇ ਸਰੀਰਕ ਕਾਰਜ ਪ੍ਰਣਾਲੀ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਸ ਖੋਜ ਨਾਲ ਅਨੀਮੀਆਂ ਅਤੇ ਕੈਂਸਰ ਆਦਿ ਬੀਮਾਰੀਆਂ ਦੀ ਰੋਕਥਾਮ ਲਈ ਡਾਕਟਰੀ ਢੰਗ-ਤਰੀਕੇ ਤਿਆਰ ਕਰਨ ਵਿੱਚ ਸਹਾਇਤਾ ਮਿਲੇਗੀ।

**ਅਰਥਸ਼ਾਸਤਰ-** ਇਹ ਪੁਰਸਕਾਰ 1969 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਤੱਕ 84 ਖੋਜੀਆਂ ਨੂੰ



51 ਇਨਾਮ ਦਿੱਤੇ ਜਾ ਚੁੱਕੇ ਹਨ। ਸਾਲ 2019 ਵਿੱਚ ਤਿੰਨ ਵਿਅਕਤੀ- ਭਾਰਤੀ-ਅਮਰੀਕੀ ਅਰਥਵਿਗਿਆਨੀ **ਅਭਿਜੀਤ ਬੈਨਰਜੀ**, ਉਸ ਦੀ ਪਤਨੀ **ਐਸਥਰ ਡੁਲਫੋ** ਅਤੇ **ਮਾਈਕਲ ਕਰੇਮਰ** ਇਸ ਪੁਰਸਕਾਰ ਦੇ ਹੱਕਦਾਰ ਬਣੇ ਹਨ। ਸ਼੍ਰੀ ਬੈਨਰਜੀ ਇਸ ਸਮੇਂ ਅਮਰੀਕਾ ਦੇ ਮੈਸੇਚੁਐਸਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਇੰਟਰਨੈਸ਼ਨਲ ਇਕਨਾਮਿਕਸ ਦੇ ਪ੍ਰੋਫੈਸਰ ਹਨ। ਮੁੰਬਈ ਵਿੱਚ ਜਨਮੇ ਇਸ ਬੰਗਾਲੀ ਅਰਥਸ਼ਾਸਤਰੀ ਨੇ ਪੋਸਟਗਰੈਜੂਏਸ਼ਨ ਤੱਕ ਪੜ੍ਹਾਈ ਕਲਕੱਤਾ ਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀਆਂ ਤੋਂ ਕਰਨ ਉਪਰੰਤ ਪੀ.ਐਚ.ਡੀ. ਡਿਗਰੀ ਹਰਵਰਡ ਯੂਨੀਵਰਸਿਟੀ ਤੋਂ ਹਾਸਲ ਕੀਤੀ। ਇਨ੍ਹਾਂ ਵਿਗਿਆਨੀਆਂ ਨੂੰ ਇਹ ਪੁਰਸਕਾਰ ਆਲਮੀ ਪੱਧਰ 'ਤੇ ਵਿਆਪਕ ਗਰੀਬੀ ਖਤਮ ਕਰਨ ਲਈ ਸੁਝਾਏ ਗਏ ਨਵੇਕਲੇ ਢੰਗ-ਤਰੀਕਿਆਂ ਲਈ ਦਿੱਤਾ ਗਿਆ ਹੈ।



**ਸਾਹਿਤ-** ਸਾਲ 1901 ਵਿੱਚ ਸ਼ੁਰੂ ਹੋਇਆ ਇਹ ਪੁਰਸਕਾਰ 2019 ਤੱਕ 114 ਵੇਰ 118 ਸਾਹਿਤਕਾਰਾਂ ਨੂੰ ਪ੍ਰਦਾਨ ਕੀਤਾ ਗਿਆ ਹੈ। ਇਹ ਸਾਲ ਇਹ ਅਸਟਰੀਆ ਦੇਸ਼ ਦੇ ਨਾਵਲਕਾਰ ਤੇ ਨਾਟਕਕਾਰ **ਪੀਟਰ ਹੈਂਡਕੇ** ਨੂੰ ਦਿੱਤਾ ਗਿਆ ਹੈ। ਉਸ ਨੇ ਆਪਣੀਆਂ ਸਾਹਿਤਿਕ ਰਚਨਾਵਾਂ ਵਿੱਚ ਭਾਸ਼ਾਈ ਸਰਲਤਾ ਨਾਲ ਇਨਸਾਨੀ ਤਜ਼ੁਰਬਿਆਂ ਦੀਆਂ ਬਾਹਰਲੀਆਂ ਪਰਤਾਂ ਨੂੰ ਉਘਾੜਨ ਵਿੱਚ ਸਫਲਤਾ ਹਾਸਲ ਕੀਤੀ ਹੈ।



**ਵਿਸ਼ਵ ਸ਼ਾਂਤੀ-** ਸਾਲ 2019 ਤੱਕ ਪ੍ਰਦਾਨ ਕੀਤੇ ਗਏ 100 ਸ਼ਾਂਤੀ ਪੁਰਸਕਾਰਾਂ ਨੂੰ 134 ਵਿਅਕਤੀ/ਸੰਸਥਾਵਾਂ ਹਾਸਲ ਕਰਨ ਵਿੱਚ ਸਫਲ ਹੋਏ ਹੈ। ਇਸ ਸਾਲ ਇਹ ਪੁਰਸਕਾਰ **ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ** ਨੇ ਪ੍ਰਾਪਤ ਕਰਨ ਦਾ ਮਾਣ ਲਿਆ ਹੈ। ਉਸ ਨੂੰ ਇਹ ਵਕਾਰੀ ਇਨਾਮ ਆਪਣੇ ਦੇਸ਼ ਦੇ ਗੁਆਂਢੀ ਮੁਲਕ ਇਰੀਟ੍ਰਿਆ ਨਾਲ ਸਰਹੱਦੀ ਵਿਵਾਦ ਸ਼ਾਂਤੀਪੂਰਬਕ ਢੰਗ ਨਾਲ ਸੁਲਝਾਉਣ ਲਈ ਦਿੱਤਾ ਗਿਆ ਹੈ। ਅਬੀ ਨੇ ਆਪਣੇ ਦੇਸ਼ ਵਿੱਚ ਵੀ ਅਹਿਮ ਸੁਧਾਰ ਕੀਤੇ ਹਨ।

**ਨੋਬਲ ਪੁਰਸਕਾਰ ਜੇਤੂ ਭਾਰਤੀ**- ਭਾਰਤ ਨਾਲ ਸਬੰਧ ਰੱਖਣ ਵਾਲੇ ਨੋਬਲ ਇਨਾਮ ਜੇਤੂ ਦੀਆਂ ਚਾਰ ਸ਼੍ਰੇਣੀਆਂ ਹਨ- <u>ਭਾਰਤ ਦੇ ਜੰਮਪਲ ਅਤੇ ਨਾਗਰਿਕ</u>- ਇਸ ਸ਼੍ਰੇਣੀ ਵਿੱਚ ਚਾਰ ਵਿਅਕਤੀ ਆਉਂਦੇ ਹਨ। 1. **ਸ਼੍ਰੀ ਰਬਿੰਦਰ ਨਾਥ ਟੈਗੋਰ;** ਜਿਨ੍ਹਾਂ ਨੂੰ 1913 ਵਿੱਚ ਵਿਸ਼ਵ ਸ਼ਾਂਤੀ ਨੋਬਲ ਪੁਰਸਕਾਰ ਪ੍ਰਦਾਨ ਕੀਤਾ ਗਿਆ। 2. **ਸ਼੍ਰੀ ਚੰਦਰਸ਼ੇਖਰ ਵੈਂਕਟ (ਸੀ.ਵੀ.) ਰਮਨ**; ਜਿਨ੍ਹਾਂ ਨੇ 1930 ਵਿੱਚ ਭੌਤਿਕ ਵਿਗਿਆਨ ਦਾ ਨੋਬਲ ਪੁਰਸਕਾਰ ਹਾਸਲ ਕੀਤਾ। ਆਪ ਇਹ ਇਨਾਮ ਹਾਸਲ ਕਰਨ ਵਾਲੇ ਪਹਿਲੇ ਪਗੜੀਧਾਰੀ ਭਾਰਤੀ ਸਨ। 3. **ਅਮ੍ਰਿਤਿਯਾ ਸੇਨ-** ਕਲਕੱਤਾ ਦੇ ਜੰਮਪਲ ਇਸ ਬੁੱਧੀਜੀਵੀ ਨੇ ਸੰਨ 1998 ਵਿੱਚ ਅਰਥਵਿਗਿਆਨ ਦਾ ਨੋਬਲ ਪੁਰਸਕਾਰ ਹਾਸਲ ਕੀਤਾ ਜਦੋਂ ਉਹ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਾ ਰਿਹਾ ਸੀ ਪਰ ਨਾਗਰਿਕ ਭਾਰਤ ਦਾ ਹੀ ਸੀ।4. **ਸ਼੍ਰੀ ਕੈਲਾਸ਼**

**ਸਤਿਆਰਥੀ**; ਜਿਨ੍ਹਾਂ ਨੂੰ 2014 ਵਿੱਚ ਵਿਸ਼ਵ ਸ਼ਾਂਤੀ ਪੁਰਸਕਾਰ ਪ੍ਰਾਪਤ ਹੋਇਆ।

ਭਾਰਤ ਦੇ ਜੰਮਪਲ ਪਰ ਨੋਬਲ ਇਨਾਮ ਲੈਣ ਸਮੇਂ ਵਿਦੇਸ਼ੀ ਨਾਗਰਿਕ। ਅਜਿਹੇ ਪੰਜ ਨੋਬਲ ਪੁਰਸਕਾਰ ਜੇਤੂ ਹਨ। 1. ਸ਼੍ਰੀ **ਹਰਗੋਬਿੰਦ ਖੁਰਾਣਾ**; ਇਨ੍ਹਾਂ ਦਾ ਜਨਮ ਅਣਵੰਡੇ ਪੰਜਾਬ (ਹੁਣ ਪਾਕਿਸਤਾਨ) ਵਿੱਚ ਹੋਇਆ ਪਰ 1968 ਵਿੱਚ ਮੈਡੀਸਨ ਦਾ ਨੋਬਲ ਇਨਾਮ ਲੈਣ ਸਮੇਂ ਅਮਰੀਕਾ ਦੇ ਨਾਗਰਿਕ ਸਨ। 2. **ਸ਼੍ਰੀ ਸੁਭਰਾਮਨੀਅਮ ਚੰਦਰਸ਼ੇਖਰ**– ਆਪ ਦਾ ਜਨਮ ਅਣਵੰਡੇ ਪੰਜਾਬ ਦੇ ਸ਼ਹਿਰ ਲਾਹੌਰ (ਹੁਣ ਪਾਕਿਸਤਾਨ) ਵਿੱਚ ਹੋਇਆ, ਪੜ੍ਹਾਈ ਮਦਰਾਸ ਵਿੱਚ ਕੀਤੀ ਅਤੇ 1983 ਵਿੱਚ ਭੌਤਿਕ ਵਿਗਿਆਨ ਦਾ ਨੋਬਲ ਪ੍ਰਾਈਜ਼ ਲੈਣ ਸਮੇਂ ਅਮਰੀਕਾ ਦੇ ਨਾਗਰਿਕ ਸਨ। ਨੋਬਲ ਇਨਾਮ ਜੇਤੂ ਸ਼੍ਰੀ ਸੀ.ਵੀ.ਰਮਨ ਆਪ ਦੇ ਚਾਚਾ ਜੀ ਸਨ। 3. **ਅਭਿਜੀਤ ਵਿਨਾਇਕ ਬੈਨਰਜੀ**– ਆਪ ਦਾ ਜਨਮ ਬੰਗਾਲੀ ਪਰਿਵਾਰ ਵਿੱਚ ਮੁੰਬਈ ਵਿਖੇ ਹੋਇਆ, ਭਾਰਤ ਵਿੱਚ ਪੜ੍ਹਾਈ ਕੀਤੀ ਅਤੇ ਹੁਣ 2019 ਵਿੱਚ ਅਰਥਵਿਗਿਆਨ ਦਾ ਨੋਬਲ ਇਨਾਮ ਲੈਣ ਸਮੇਂ ਬਰਤਾਨੀਆਂ ਦੇ ਨਾਗਰਿਕ ਹਨ। 4. **ਸ਼੍ਰੀ ਵੈਕਟ ਰਾਮਾਕ੍ਰਿਸ਼ਨਨ;** ਆਪ ਦਾ ਜਨਮ ਮਦਰਾਸ ਵਿੱਚ ਹੋਇਆ, ਪੜ੍ਹਾਈ ਅਮਰੀਕਾ ਵਿੱਚ ਕੀਤੀ ਅਤੇ ਸਾਲ 2009 ਵਿੱਚ ਰਸਾਇਣਕ ਵਿਗਿਆਨ ਦਾ ਨੋਬਲ ਪੁਰਸਕਾਰ ਲੈਣ ਸਮੇਂ ਬਰਤਾਨੀਆਂ ਦੇ ਨਾਗਰਿਕ ਸਨ।

ਭਾਰਤ ਵਿੱਚ ਜਨਮੇ ਵਿਦੇਸ਼ੀ ਨਾਗਰਿਕ–1. **ਰੋਨਾਲਡ ਰੌਸ;** ਉਹ ਭਾਰਤ ਦੇ ਅਲਮੋੜਾ ਸ਼ਹਿਰ ਵਿੱਚ ਜਨਮਿਆਂ ਬ੍ਰਿਟਿਸ਼ ਨਾਗਰਿਕ ਸੀ ਜਿਸ ਨੂੰ 1902 ਵਿੱਚ ਸਰੀਰ ਵਿਗਿਆਨ ਦਾ ਨੋਬਲ ਇਨਾਮ ਪ੍ਰਾਪਤ ਹੋਇਆ ਸੀ। 2. **ਰੁਡਿਆਰਡ ਕਿਪਲਿੰਗ**– ਭਾਰਤ ਦੇ ਸ਼ਹਿਰ ਮੁੰਬਈ ਵਿੱਚ ਜਨਮੇ ਇਸ ਬ੍ਰਿਟਿਸ਼ ਨਾਗਰਿਕ ਨੇ 1907 ਵਿੱਚ ਸਾਹਿਤ ਦਾ ਨੋਬਲ ਪੁਰਸਕਾਰ ਪ੍ਰਾਪਤ ਕੀਤਾ ਸੀ।3. **ਦਲਾਈ ਲਾਮਾ**; ਆਪ ਦਾ ਜਨਮ ਤਿੱਬਤ ਵਿੱਚ ਹੋਇਆ ਪਰ 1989 ਵਿੱਚ ਵਿਸ਼ਵ ਸ਼ਾਂਤੀ ਪੁਰਸਕਾਰ ਲੈਣ ਸਮੇਂ ਤੋਂ ਹੀ ਭਾਰਤ ਦੇ ਪੱਕੇ ਵਸਨੀਕ ਹਨ।

ਵਿਦੇਸ਼ ਵਿੱਚ ਜਨਮੇ ਭਾਰਤੀ ਨਾਗਰਿਕ– **ਮਦਰ ਟੈਰੇਸਾ**; ਆਪ ਦਾ ਜਨਮ ਅਲਬਾਨੀਆਂ ਦੇਸ਼ ਵਿੱਚ ਹੋਇਆ, 12 ਸਾਲ ਦੀ ਉਮਰ ਵਿੱਚ ਭਾਰਤ ਆ ਗਏ, ਇੱਥੋਂ ਦੇ ਨਾਗਰਿਕ ਬਣ ਗਏ ਅਤੇ ਅੰਤ (1997) ਤੱਕ ਦੁਖੀਆਂ-ਗਰੀਬਾਂ ਦੀ ਸੇਵਾ ਕੀਤੀ। ਆਪ ਨੂੰ 1979 ਵਿੱਚ ਵਿਸ਼ਵ ਸ਼ਾਂਤੀ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਭਾਰਤੀ ਪਛੋਕੜ– **ਵਿਦਿਆਧਰ ਸੂਰਜਪ੍ਰਸ਼ਾਦ ਨਾਇਪਾਲ**; ਆਪ ਭਾਰਤੀ ਮਾਂਬਾਪ ਦੇ ਘਰ ਟ੍ਰਿਨੀਡਾਡ ਦੇਸ਼ ਵਿੱਚ ਪੈਦਾ ਹੋਏ ਅਤੇ ਬਰਤਾਨੀਆਂ ਦੇ ਨਾਗਰਿਕ ਬਣ ਗਏ। ਸੰਨ 2001 ਵਿੱਚ ਆਪ ਨੂੰ ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ।

ਵਿਸ਼ੇਸ਼– **ਮਹਾਤਮਾ ਗਾਂਧੀ** ਅਤੇ **ਸ਼੍ਰੀ ਅਰਵਿੰਦੂ ਘੋਸ਼ ਵਿਸ਼ਵ ਸ਼ਾਂਤੀ ਨੋਬਲ ਪੁਰਸਕਾਰ** ਲਈ ਨਾਮਜ਼ਦ ਹੋਏ ਪਰੰਤੂ ਇਨ੍ਹਾਂ

## ਸੈਣੀ ਬਰਾਦਰੀ ਦੀ ਸ਼ਾਨ


## ਸ. ਕਮਲਦੀਪ ਸਿੰਘ ਸੈਣੀ



ਰੂਪਨਗਰ ਜ਼ਿਲ੍ਹੇ ਦੇ ਪਿੰਡ ਬਹਿਰਾਮਪੁਰ ਬੇਟ ਦੇ ਸੈਣੀ ਪਰਿਵਾਰ ਵਿੱਚ ਜਨਮੇ ਸ. ਕਮਲਦੀਪ ਸਿੰਘ ਸੈਣੀ, ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਦੇ ਚੇਅਰਮੈਨ ਨਿਯੁਕਤ ਹੋਏ ਹਨ। ਆਪ ਇਸ ਸਮੇਂ ਚੰਡੀਗੜ੍ਹ ਦੇ ਵਸਨੀਕ ਹਨ ਅਤੇ ਉੱਥੇ ਸਮਾਜ ਸੇਵੀ ਤੇ ਕਾਂਗਰਸ ਪਾਰਟੀ ਦੇ ਸਿਰਕੱਢ ਆਗੂ ਹਨ। ਆਪ ਨੇ ਉੱਚ ਸਿੱਖਿਆ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਹਾਸਲ ਕੀਤੀ। ਆਪ 1998 ਤੋਂ 2005 ਤੱਕ ਇੰਡੀਅਨ ਯੂਥ ਕਾਂਗਰਸ ਦੇ ਜਨਰਲ ਸਕੱਤਰ, 2004 ਤੋਂ 2008 ਤੱਕ ਜ਼ਿਲ੍ਹਾ ਰੂਪਨਗਰ ਯੂਥ ਕਾਂਗਰਸ ਕਮੇਟੀ ਦੇ ਪ੍ਰਧਾਨ, 2007 ਤੋਂ 2012 ਤੱਕ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਕੱਤਰ ਅਤੇ 2011 ਤੋਂ 2014 ਤੱਕ ਪੰਜਾਬ ਕਾਂਗਰਸ ਦੇ ਸ਼ਿਕਾਇਤ ਨਿਵਾਰਨ ਸੈੱਲ ਦੇ ਚੇਅਰਮੈਨ ਰਹੇ ਹਨ।

ਆਪ ਆਪਣੇ ਇਲਾਕੇ ਦੇ ਲੋਕਾਂ ਨਾਲ ਨੇੜੇ ਤੋਂ ਜੁੜੇ ਹੋਏ ਹਨ ਅਤੇ ਉਨ੍ਹਾਂ ਦੇ ਹਰ ਦੁਖ ਸੁੱਖ ਵਿੱਚ ਸਹਾਈ ਹੁੰਦੇ ਹਨ। ਆਪ ਸੈਣੀ ਭਵਨ ਰੂਪਨਗਰ ਦੇ ਹਿਤੈਸ਼ੀ ਅਤੇ ਸ਼ੁੱਭ ਚਿੰਤਕ ਹਨ। ਸੈਣੀ ਬਰਾਦਰੀ ਨੂੰ ਆਪ ਤੋਂ ਬਹੁਤ ਉਮੀਦਾਂ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪ ਦੀਆਂ ਬੁਲੰਦੀਆਂ ਲਈ ਸ਼ੁੱਭ ਕਾਮਨਾਵਾਂ ਰੱਖਦੇ ਹੋਏ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ। * * *

**ਸੱਜਰੀ ਸਵੇਰ ਦੀ ਉਡੀਕ ਰਹੇਗੀ,**
**ਬਦਲਦੀ ਚਾਹੇ ਤਾਰੀਖ ਰਹੇਗੀ।**
**ਬੱਦਲਾਂ ਦੇ ਓਹਲੇ ਜੋ ਲੁਕ ਹੋ ਗਿਆ,**
**ਡਰਦਾ ਹਨੇਰੇ ਤੋਂ ਜੋ ਛੁੱਪ ਹੋ ਗਿਆ,**
**ਸੂਰਜ ਕਰੇ ਚਾਨਣ ਹਰ ਵਿਹੜੇ 'ਚ**
**ਇਹ ਆਸ ਦਿਲ ਦੇ ਨਜ਼ਦੀਕ ਰਹੇਗੀ।**





## ਸੈਣੀ ਬਰਾਦਰੀ ਦਾ ਚਮਕਦਾ ਸਿਤਾਰਾ - ਜਸ਼ਨਦੀਪ ਸਿੰਘ

**ਬਹਾਦਰਜੀਤ ਸਿੰਘ**
ਸੈਣੀ ਭਵਨ, ਰੂਪਨਗਰ

ਰੂਪਨਗਰ ਸ਼ਹਿਰ ਦੇ ਸੈਣੀ ਪਰਿਵਾਰ ਵਿੱਚ ਸ. ਪਰਮਜੀਤ ਸਿੰਘ ਅਤੇ ਸ਼੍ਰੀਮਤੀ ਤਰਸੇਮ ਕੌਰ ਦੇ ਘਰ 1992 ਵਿੱਚ ਜਨਮੇ ਜਸ਼ਨਦੀਪ ਸਿੰਘ ਨੇ ਤੈਰਾਕੀ ਖੇਡਾਂ ਵਿੱਚ ਵੱਡੀਆਂ ਪੁਲਾਂਘਾਂ ਪੁੱਟ ਕੇ ਖੇਡਾਂ ਪੱਖੋਂ ਪਛੜੇ ਇਲਾਕੇ ਦਾ ਨਾਮ ਦੇਸ਼ ਭਰ ਵਿੱਚ ਅਤੇ ਅੰਤਰਰਾਸ਼ਟਰੀ ਪੱਧਰ ਤੇ ਰੌਸ਼ਨ ਕੀਤਾ ਹੈ। ਜਸ਼ਨਦੀਪ ਸਿੰਘ ਦਾ ਸਮੁੱਚਾ ਪਰਿਵਾਰ ਤੈਰਾਕੀ ਨੂੰ ਸਮਰਪਿਤ ਹੈ। ਉਸਦੀਆਂ ਤਿੰਨੇ ਭੈਣਾਂ ਪ੍ਰਭਦੀਪ ਕੌਰ, ਪ੍ਰਭਜੋਤ ਕੌਰ ਅਤੇ ਜਸਪ੍ਰੀਤ ਕੌਰ ਨੇ ਤੈਰਾਕੀ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ।

ਜਸ਼ਨਦੀਪ 50 ਮੀਟਰ, 100 ਮੀਟਰ ਅਤੇ 200 ਮੀਟਰ ਬ੍ਰੈਸਟ ਸਟਰੋਕ ਵਿਚ ਮੁਹਾਰਤ ਰੱਖਦਾ ਹੈ। ਉਸ ਨੇ ਸਾਲ 1998 ਤੋਂ ਤੈਰਾਕੀ ਦੀ ਕੋਚਿੰਗ ਲੈਣੀ ਸ਼ੁਰੂ ਕੀਤੀ। ਉਹ 8 ਸਾਲ ਦੀ ਉਮਰ ਵਿਚ ਸਬ-ਜੂਨੀਅਰ ਪੰਜਾਬ ਤੈਰਾਕੀ ਚੈਂਪੀਅਨਸ਼ਿਪ ਵਿਚ ਬੈਸਟ ਤੈਰਾਕ ਬਣਿਆ। ਸਾਲ 2006 ਵਿੱਚ ਗੋਆ ਵਿਖੇ ਕੌਮੀ ਸਕੂਲ ਖੇਡਾਂ ਵਿਚ ਕਾਂਸੀ ਦਾ ਤਮਗਾ ਜਿੱਤਿਆ। ਬਸ ਫਿਰ ਕੀ ਪਿੱਛੇ ਮੁੜ ਕੇ ਨਹੀਂ ਦੇਖਿਆ। ਸਾਲ 2007 ਵਿਚ ਸੂਰਤ ਵਿਖੇ ਹੋਈਆਂ ਕੌਮੀ ਸਕੂਲ ਖੇਡਾਂ ਵਿੱਚ 3 ਸੋਨੇ ਦੇ ਤਗਮੇ ਜਿੱਤੇ ਅਤੇ 2 ਨਵੇਂ ਕੌਮੀ ਰਿਕਾਰਡ ਬਣਾਏ। ਸਾਲ 2008 ਵਿੱਚ ਅੰਮ੍ਰਿਤਸਰ ਵਿਖੇ ਹੋਈ ਕੌਮੀ ਜੂਨੀਅਰ ਤੈਰਾਕੀ ਚੈਂਪੀਅਨਸ਼ਿਪ ਵਿਚ 3 ਸੋਨੇ ਦੇ ਤਗਮੇ ਜਿੱਤੇ। ਜਸ਼ਨਦੀਪ ਨਾਰਥ ਜੋਨ ਦਾ ਇਕੋ-ਇਕ ਖਿਡਾਰੀ ਸੀ। ਸਾਲ 2009 ਵਿੱਚ ਪੂਨੇ ਵਿਖੇ 3 ਸੋਨ ਤਗਮੇ ਜਿੱਤ ਕੇ ਇਕ ਨਵਾਂ ਰਿਕਾਰਡ ਆਪਣੇ ਨਾਮ ਕੀਤਾ। ਇਸੇ ਸਾਲ ਲੁਧਿਆਣੇ ਵਿਖੇ ਹੋਈ ਜੂਨੀਅਰ ਤੈਰਾਕੀ ਚੈਂਪੀਅਨਸ਼ਿਪ ਵਿਚ 5 ਨਵੇਂ ਰਿਕਾਰਡ ਬਣਾਏ ਅਤੇ 50 ਮੀਟਰ ਫਰੀ ਸਟਾਇਲ ਦਾ 25 ਸਾਲ ਪੁਰਾਣਾ ਰਿਕਾਰਡ ਤੋੜਿਆ। ਜਸ਼ਨਦੀਪ ਰਾਸ਼ਟਰ ਮੰਡਲ ਯੁਵਾ ਖੇਡਾਂ ਅਤੇ ਵਰਲਡ ਸਕੂਲ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਚੁੱਕਾ ਹੈ।

ਜਸ਼ਨਦੀਪ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਟੈਕ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਹੈ। ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੈਰਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੈਂਦਿਆਂ 7 ਮੁਕਾਬਲਿਆਂ ਵਿੱਚ 40 ਗੋਲਡ ਮੈਡਲ ਅਤੇ ਕਈ ਨਵੇਂ ਰਿਕਾਰਡ ਆਪਣੇ ਨਾਮ ਕਰ ਚੁੱਕਾ ਹੈ। ਉਹ 3 ਵਾਰ ਵਰਲਡ ਯੂਨੀਵਰਸਿਟੀ ਤੈਰਾਕੀ ਚੈਂਪੀਅਨਸ਼ਿਪ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕਾ ਹੈ। 34 ਵੀਂ ਅਤੇ 35ਵੀਂ ਸੀਨੀਅਰ ਨੈਸ਼ਨਲ ਗੇਮਾਂ ਵਿੱਚ 4 ਮੈਡਲ ਲੈ ਚੁੱਕਾ ਹੈ। ਉਸ ਨੇ ਅਕਤੂਬਰ 2016 ਵਿਚ ਕੋਲੰਬੋ (ਸ਼੍ਰੀ ਲੰਕਾ) ਵਿਖੇ ਹੋਈ ਸਾਊਥ ਏਸ਼ੀਅਨ ਸੀਨੀਅਰ ਤੈਰਾਕੀ ਚੈਂਪੀਅਨਸ਼ਿਪ ਵਿੱਚ 4 ਗੋਲਡ ਅਤੇ ਇਕ ਸਿਲਵਰ ਜਿੱਤ ਕੇ ਭਾਰਤ, ਪੰਜਬ ਅਤੇ ਆਪਣੇ ਸ਼ਹਿਰ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੇ ਰੋਸ਼ਨ ਕੀਤਾ। ਹੁਣ ਵੀ ਜਸ਼ਨਦੀਪ 3 ਘੰਟੇ ਸਵੇਰੇ, 3 ਘੰਟੇ ਸ਼ਾਮ ਨੂੰ ਪਰੈਕਟਿਸ ਕਰਦਾ ਹੈ। ਤੈਰਾਕੀ ਨੂੰ ਸਮਰਪਿਤ ਜਸ਼ਨ ਦਾ ਕਹਿਣਾ ਹੈ ਕਿ ਜੇ ਉਸ ਨੂੰ ਕੋਈ ਆਰਥਿਕ ਮਦਦ ਅਤੇ ਖੇਡ ਸਹੂਲਤਾਂ (ਆਲ ਵੈਦਰ ਪੂਲ) ਪ੍ਰਾਪਤ ਹੋ ਜਾਣ ਤਾਂ ਉਹ ਏਸ਼ੀਅਨ ਅਤੇ ਉਲੰਪਿਕਸ ਵਿਚ ਭਾਰਤ ਲਈ ਮੈਡਲ ਲਿਆ ਸਕਦਾ ਹੈ।



ਜਸ਼ਨਦੀਪ ਸਿੰਘ ਦੀਆਂ ਖੇਡ ਪ੍ਰਾਪਤੀਆਂ ਦਾ ਮੁੱਲ ਪਾਉਂਦਿਆਂ ਪੰਜਾਬ ਸਰਕਾਰ ਨੇ ਉਸ ਨੂੰ ਸੂਬੇ ਦੇ ਸਰਵ-ਉੱਚ ਪੁਰਸਕਾਰ, ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਸੈਣੀ ਬਰਾਦਰੀ ਨੂੰ ਜਸ਼ਨਦੀਪ ਸਿੰਘ 'ਤੇ ਅੰਤਾਂ ਦਾ ਮਾਣ ਹੈ।

* * * * *

## ਸੈਣੀ ਭਵਨ ਦੇ ਨਵੇਂ ਆਜੀਵਨ ਮੈਂਬਰ

1. **ਐਡਵੋਕੇਟ ਹਰਮਨਦੀਪ ਸਿੰਘ ਮਸੂਤਾ** ਪੁੱਤਰ ਕਰਨਲ ਸੁਖਪਾਲ ਸਿੰਘ, ਐਮ.ਡੀ. ਸਤਲੁਜ ਇਨਕਲੇਵ,ਰੂਪਨਗਰ



2. **ਸ. ਸੁਰਿੰਦਰ ਸਿੰਘ** ਪੁੱਤਰ ਸ. ਰੱਖਾ ਸਿੰਘ, # 25, ਨਿਊ ਹਰਗੋਬਿੰਦ ਨਗਰ, ਰੂਪਨਗਰ



3. **ਸ. ਅਜਮੇਰ ਸਿੰਘ** ਪੁੱਤਰ ਸ. ਪ੍ਰੇਮ ਸਿੰਘ, # 192, ਗਿਆਨੀ ਜ਼ੈਲ ਸਿੰਘ ਨਗਰ, ਰੂਪਨਗਰ



4. **ਸ. ਪ੍ਰਭਜੀਤ ਸਿੰਘ** ਪੁੱਤਰ ਸ. ਦਲਬੀਰ ਸਿੰਘ, # 22, ਟੋਡਵੇਅ ਮਰਨਲਾ,ਮੈਲਬੋਰਨ ਅਸਟ੍ਰੇਲੀਆ



ਵਹਿਮ-ਭਰਮ

# ਕਸਰ, ਬਾਹਰਲੀ ਕਿ ਅੰਦਰਲੀ ?

**ਡਾ. ਜਸਵੰਤ ਕੌਰ**
ਸੈਣੀ ਭਵਨ, ਰੂਪਨਗਰ



ਬਾਹਰਲੀ ਕਸਰ ਦਾ ਭੂਤ ਆਮ ਤੌਰ 'ਤੇ ਔਰਤ ਨੂੰ ਹੀ ਚੰਬੜਦਾ ਹੈ। ਇਸ ਦਾ ਮੁੱਖ ਕਾਰਨ ਹੈ ਅਗਿਆਨਤਾ। ਅਲਪ-ਗਿਆਨੀ ਤੇ ਵਿਵੇਕਹੀਨ ਔਰਤਾਂ ਇਸ ਦੀ ਗ੍ਰਿਫਤ ਵਿਚ ਜਲਦੀ ਫਸ ਜਾਂਦੀਆਂ ਹਨ। ਉਹ ਦੂਜਿਆਂ ਦੀਆਂ ਗੱਲਾਂ ਵਿਚ ਛੇਤੀ ਆ ਜਾਂਦੀਆਂ ਹਨ ਅਤੇ ਵਹਿਮਾਂ-ਭਰਮਾਂ ਦਾ ਸ਼ਿਕਾਰ ਜਲਦੀ ਹੋ ਜਾਂਦੀਆਂ ਹਨ।

ਘੱਟ ਪੜ੍ਹੇ ਲਿਖੇ ਜਾਂ ਅਨਪੜ੍ਹ ਮਾਪੇ ਆਪ ਵੀ ਤਰਕਸ਼ੀਲ ਸੋਚ ਵਾਲੇ ਨਹੀਂ ਹੁੰਦੇ। ਮਾਵਾਂ ਹੀ ਬੱਚੀਆਂ ਦਾ ਮੁਢਲਾ ਸਕੂਲ ਹੁੰਦੀਆਂ ਹਨ। ਜੇਕਰ ਉਹ ਹੀ ਅਗਿਆਨੀ ਹੋਣ ਤਾਂ ਧੀਆਂ ਨੇ ਗਿਆਨ ਕਿੱਥੋਂ ਪ੍ਰਾਪਤ ਕਰਨਾ ਹੈ? ਸਰੀਰਕ ਸਫਾਈ, ਮਾਸਿਕ-ਧਰਮ; ਬੱਚਿਆਂ ਦੀ ਸਾਂਭ-ਸੰਭਾਲ, ਗਰਭ-ਅਵਸਥਾ ਵਿਚਲੀਆਂ ਮੁਸ਼ਕਲਾਂ ਆਦਿ ਕਿੰਨੇ ਹੀ ਮਸਲੇ ਹਨ ਜਿਨ੍ਹਾਂ ਬਾਰੇ ਮਾਵਾਂ ਕਦੇ ਵੀ ਆਪਣੀਆਂ ਧੀਆਂ ਨੂੰ ਸੁਚੇਤ ਨਹੀਂ ਕਰਦੀਆਂ। ਸਿੱਟੇ ਵਜੋਂ ਜਦੋਂ ਲੜਕੀਆਂ ਨੂੰ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਕਈ ਤਰ੍ਹਾਂ ਦੇ ਵਹਿਮਾਂ ਵਿਚ ਫਸ ਜਾਂਦੀਆਂ ਹਨ।

ਮਾਸਿਕ-ਧਰਮ ਵੇਲੇ ਲੜਕੀਆਂ ਵਿਚ ਖੂਨ ਦੀ ਘਾਟ ਆਮ ਤੌਰ 'ਤੇ ਆ ਜਾਂਦੀ ਹੈ। ਇਸ ਸਮੇਂ ਦੌਰਾਨ ਬੱਚੀਆਂ ਕਮਜ਼ੋਰ ਹੋ ਜਾਂਦੀਆਂ ਹਨ। ਮਾਵਾਂ ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦੀ ਖੁਰਾਕ ਦਾ ਧਿਆਨ ਨਹੀਂ ਰੱਖਦੀਆਂ। ਵਿਚਾਰੀਆਂ ਕੁੜੀਆਂ ਪੀਲੇ-ਵਸਾਰ ਮੂੰਹਾਂ ਨਾਲ ਗੁਨਾਹਗਾਰਾਂ ਵਰਗੇ ਵਰਤਾਓ ਕਰਦੀਆਂ ਹਨ। ਟੁੱਟੇ ਜਿਹੇ ਸਰੀਰਾਂ ਨਾਲ ਤੁਰੀਆਂ ਫਿਰਦੀਆਂ ਹਨ। ਅਤੀ ਖੂਨ ਵਹਾਓ ਨਾਲ ਜੇ ਉਨ੍ਹਾਂ ਨੂੰ ਦੰਦ-ਛਿੱਕੜ, ਨੀਮ-ਬੇਹੋਸ਼ੀ ਜਾਂ ਚੱਕਰ ਆਦਿ ਆ ਜਾਵੇ ਤਾਂ ਮਾਵਾਂ ਗੱਲ ਦੀ ਤਹਿ ਤੱਕ ਜਾਣ ਦੀ ਬਜਾਏ ਹੱਥ ਹੌਲਾ ਜਾਂ ਕਸਰ ਤੋਂ ਛੁਟਕਾਰਾ ਪਾਣ ਲਈ ਹੀ ਉਪਰਾਲੇ ਕਰਦੀਆਂ ਹਨ। ਕੋਈ ਮਾਂ ਨਹੀਂ ਸੋਚਦੀ ਕਿ ਇਸਨੂੰ ਖੁਰਾਕ ਦੀ ਬਹੁਤਾਤ ਜਾਂ ਮਨੋਵਿਗਿਆਨਕ ਥਾਪੜੇ ਦੀ ਲੋੜ ਹੈ।

ਅਲਪ-ਗਿਆਨੀ ਲੜਕੀਆਂ ਵਿਆਹ ਉਪਰੰਤ ਛੇਤੀ ਹੀ ਮਾਵਾਂ ਬਣ ਜਾਂਦੀਆਂ ਹਨ। ਬੱਚੇ ਸੰਭਾਲਣ ਦੀ ਜਾਚ, ਨਿੱਕੀਆਂ ਨਿੱਕੀਆਂ ਬੀਮਾਰੀਆਂ ਤੋਂ ਬਚਾਓ ਤੇ ਬੱਚੇ ਦੀ ਸਿਹਤ ਸਫਾਈ ਵਰਗੀਆਂ ਗੱਲਾਂ ਦੇ ਗਿਆਨ ਤੋਂ ਉਹ ਕੋਰੀਆਂ ਹੀ ਹੁੰਦੀਆਂ ਹਨ। ਜੇ ਕਰ ਉਹਨਾਂ ਨੂੰ ਇਹ ਗਿਆਨ ਦਿੱਤਾ ਹੋਵੇ ਕਿ ਕਿੰਨੇ ਇਹਤਿਹਾਤ ਜਾਂ ਸੁਚੇਤਤਾ ਨਾਲ ਉਹਨਾਂ ਬੱਚੇ ਨੂੰ ਸੰਭਾਲਣਾ ਹੈ ਤਾਂ ਸਾਡਾ ਸਮਾਜ ਫੁੱਲਾਂ ਵਾਂਗ ਖੁਸ਼ਬੂ ਵੰਡ ਸਕਦਾ ਹੈ। ਆਪਣੀ ਸਰੀਰਕ ਸਫਾਈ ਵਲੋਂ ਅਵੇਸਲਾਪਣ, ਆਪਣੀ ਖੁਰਾਕ ਦੀ ਅਣਗਹਿਲੀ, ਬੱਚੇ ਦੀ ਸਿਹਤ ਸਫਾਈ ਅਤੇ ਖੁਰਾਕ ਵੱਲੋਂ ਅਗਿਆਨਤਾ ਉਨ੍ਹਾਂ ਬੱਚੀਆਂ ਨੂੰ ਕਈ ਮੁਸੀਬਤਾਂ ਵਿਚ ਪਾ ਦਿੰਦੀ ਹੈ। ਬੱਚੇ ਨੂੰ ਸੋਕੜਾ, ਕਮਜ਼ੋਰੀ, ਡਾਇਰੀਆ, ਦਸਤ ਆਦਿ ਕਈ ਬੀਮਾਰੀਆਂ ਆ ਚੰਬੜਦੀਆਂ ਹਨ। ਸੱਸਾਂ ਉਨ੍ਹਾਂ ਬੱਚੀਆਂ ਨੂੰ ਕੋਈ ਸਿਹਤਮੰਦ ਢੰਗ ਦੱਸਣ ਦੀ ਬਜਾਇ ਧਾਗੇ-ਤਬੀਤਾਂ ਮਗਰ ਲੱਗ ਤੁਰਦੀਆਂ ਹਨ।

ਘਰ ਗ੍ਰਹਿਸਤੀ ਨੂੰ ਚਲਾਉਣ ਲਈ ਪਤੀ-ਪਤਨੀ ਬਰਾਬਰ ਦੇ ਸਾਥੀ ਹੁੰਦੇ ਹਨ। ਅਕਲ ਦੀ ਘਾਟ, ਚੁਲਬੁਲੇਪਨ ਦੀ ਅਣਹੋਂਦ, ਚੁਸਤੀ, ਸਲੀਕੇ ਦੀ ਘਾਟ ਕਾਰਨ ਘਰ ਦੀ ਸੰਭਾਲ ਅਤੇ ਪਤੀ ਨੂੰ ਆਕਰਸ਼ਤ ਕਰਨ ਵੱਲੋਂ ਅਵੇਸਲਾਪਣ ਘਰ ਵਿਚ ਆਪਸੀ ਤਣਾਓ ਪੈਦਾ ਕਰ ਦਿੰਦੇ ਹਨ। ਘਰਾਂ ਵਿਚਲੇ ਬਹੁਤੇ ਕਲੇਸ਼ ਅਕਲਹੀਣਤਾ ਅਤੇ ਦੂਰਦਰਸ਼ਤਾ ਦੀ ਘਾਟ ਕਾਰਨ ਹੁੰਦੇ ਹਨ। ਬੱਚੀਆਂ ਨੂੰ ਅਕਲ ਉਦੋਂ ਆਉਂਦੀ ਹੈ ਜਦੋਂ ਪਾਣੀ ਸਿਰਾਂ ਉਪਰੋਂ ਲੰਘ ਚੁੱਕਦਾ ਹੈ। ਪਤੀ ਕਿਸੇ ਚੁਲਬੁਲੀ ਜਿਹੀ ਔਰਤ ਵੱਲ ਆਕਰਸ਼ਿਤ ਹੋ ਕੇ ਆਪਣੀ ਪਤਨੀ ਵਲੋਂ ਅਵੇਸਲਾ ਹੋ ਜਾਂਦਾ ਹੈ। ਕੁੜੀਆਂ ਨੂੰ ਦੌਰੇ ਪੈਣ ਲਗ ਪੈਂਦੇ ਹਨ। ਮਾਨਸਿਕ ਕਸ਼ਟ ਦੀ ਗਰਕਣ ਵਿਚ ਫਸ ਕੇ ਉਹ ਹੋਰ ਤਣਾਓ ਵਿਚ ਘਿਰ ਜਾਂਦੀਆਂ ਹਨ। ਘਰ ਵਾਲੇ ਚੇਲੇ-ਚਾਟੜਿਆਂ ਦੇ ਅੱਡੇ ਚੜ੍ਹ ਜਾਂਦੇ ਹਨ। ਸਭ ਪਾਸੇ ਉਜਾੜਾ ਨਜ਼ਰ ਆਉਂਦਾ ਹੈ।

ਇਕ ਵਾਰੀ ਦੀ ਗੱਲ ਹੈ ਕਿ ਇਕ ਸਧਾਰਨ ਜਿਹੀ ਕੁੜੀ ਸਹੁਰੇ ਘਰ ਵਿਆਹੀ ਆਈ। ਉਦੋਂ ਬਹੁਤ ਹੀ ਸੰਗ-ਸੰਕੋਚ ਦਾ ਜ਼ਮਾਨਾ ਹੁੰਦਾ ਸੀ। ਨਵ-ਵਿਆਹੀਆਂ ਕਾਫੀ ਚਿਰ ਬਾਅਦ ਟੱਬਰ ਦੇ ਜੀਆਂ ਨਾਲ ਘੁਲ-ਮਿਲਦੀਆਂ ਸਨ। ਅਚਾਨਕ ਰਾਤ ਨੂੰ ਉਸ ਵਿਆਹੁਤਾ ਦੇ ਪੇਟ ਵਿਚ ਸੂਲ ਦੀ ਤਰ੍ਹਾਂ ਐਨੀ ਦਰਦ ਹੋਈ ਕਿ ਉਹ ਬੇਹੋਸ਼ ਹੋ ਗਈ। ਬੇਹੋਸ਼ੀ ਵਿਚ ਹੀ ਉਸ ਦੇ ਸਾਰੇ ਕਪੜੇ ਗੰਦਗੀ ਨਾਲ ਭਰ ਗਏ। ਘਰ ਦੇ ਜੀਆਂ ਨੇ ਉਸ ਨੂੰ ਨਹਾ- ਧੁਆ ਕੇ ਕਪੜੇ ਬਦਲੇ। ਘਰ ਦਾ ਇਕ ਬਜ਼ੁਰਗ ਉਸ ਦੇ ਸਿਰਹਾਣੇ ਬੈਠ ਕੇ ਪਾਠ ਕਰਨ ਲੱਗਾ। ਕਿਉਂਕਿ ਸਾਰਿਆਂ ਨੂੰ ਇਹ ਵਹਿਮ ਹੋ ਗਿਆ ਸੀ ਕਿ ਇਸ ਨੂੰ ਕੋਈ ਬਾਹਰਲੀ ਕਸਰ ਹੋ ਗਈ ਹੈ। ਕੋਈ ਆਖੇ ਇਹ ਦੀ ਸੌਕਣ ਨੇ ਇਹਨੂੰ ਵਿੰਨ੍ਹ ਸੁੱਟਿਆ ਹੈ ਕਿਉਂਕਿ ਘਰ ਵਾਲੇ ਦੀ ਪਹਿਲੀ ਪਤਨੀ ਮਰ ਚੁੱਕੀ ਸੀ। ਔਰਤਾਂ ਦੇ ਆਪਣੇ ਘੜੇ ਕਾਨੂੰਨ ਮੁਤਾਬਿਕ ਨਵੀਂ ਵਹੁਟੀ ਦੇ ਸੌਕਣ-ਮੁਹਰਾ ਨਹੀਂ ਸੀ ਪਾਇਆ ਗਿਆ। ਅਸਲ ਵਿਚ ਇਹ ਸਭ ਕੁਝ ਉਸ ਲੜਕੀ ਦੁਆਰਾ ਅਵਾਗੌਣ ਖਾਣ ਨਾਲ ਜਾਂ ਬਦਪ੍ਰਹੇਜ਼ੀ ਕਾਰਣ ਵਾਪਰਿਆ ਸੀ।

ਮਾਨਸਿਕ ਰੋਗ ਬਹੁਤੀ ਵਾਰੀ ਘਰੇਲੂ ਤੰਗੀਆਂ ਵਿਚੋਂ ਵੀ ਪੈਦਾ ਹੁੰਦੇ ਹਨ ਜਿੰਨ੍ਹਾਂ ਨੂੰ ਬਾਹਰਲੀ ਕਸਰ ਦਾ ਨਾਂ ਦੇ ਦਿੱਤਾ ਜਾਂਦਾ ਹੈ। ਕਿਸੇ ਪਰਿਵਾਰ ਦਾ ਇੱਕ ਮੁੰਡਾ ਪਹਿਲਾਂ ਹੀ ਵਿਆਹਿਆ ਹੋਇਆ ਸੀ। ਉਸ ਦੀ ਘਰ ਵਾਲੀ ਚੰਗੇ

ਘਰਾਣੇ ਦੀ ਸਾਊ ਕੁੜੀ ਸੀ। ਉਸ ਨੇ ਸਾਰਾ ਘਰ ਸੰਭਾਲਿਆ ਹੋਇਆ ਸੀ। ਕੁਦਰਤੀ ਹੈ ਕਿ ਘਰ ਦੀ ਗੁਥਲੀ ਵੀ ਉਹ ਨੂੰ ਹੀ ਉਹਦੀ ਸੱਸ ਨੇ ਫੜਾ ਦਿੱਤੀ ਹੋਈ ਸੀ। ਜਦੋਂ ਛੋਟਾ ਮੁੰਡਾ ਵਿਆਹਿਆ ਤਾਂ ਉਹਦੀ ਘਰ ਵਾਲੀ ਬਹੁਤ ਤੇਜ਼ ਤੇ ਚੁਸਤ ਆਈ। ਛੋਟਾ ਮੁੰਡਾ ਵੀ ਵੱਡੇ ਨਾਲੋਂ ਤੇਜ਼ ਸੀ ਅਤੇ ਸੀ ਵੀ ਲਾਈਲੱਗ। ਘਰ ਵਾਲੀ ਨੇ ਆਉਂਦਿਆਂ ਹੀ ਉਸ ਨੂੰ ਹੱਥਾਂ ਵਿਚ ਕਰ ਲਿਆ। ਘਰ ਵਿਚੋਂ ਕੀਮਤੀ ਚੀਜ਼ਾਂ, ਗਹਿਣੇ ਤੇ ਪੈਸੇ ਆਦਿ ਚੋਰੀ ਹੋਣ ਲੱਗੇ। ਘਰ ਵਿਚ ਕਿਸੇ ਥਾਂ ਰੱਖੇ ਪੈਸਿਆਂ ਦਾ ਕੁਝ ਹਿੱਸਾ ਲੱਭਦਾ ਹੀ ਨਾ। ਫਿਰ ਬੈੱਡ ਅਤੇ ਕੱਪੜੇ ਸੜਨ ਲੱਗੇ, ਫਿਰ ਹੋਰ ਚੀਜ਼ਾਂ ਵੀ। ਘਰ ਦੇ ਬੜੇ ਦੁਖੀ ਹੋਏ। ਕਦੀ ਸਿਆਣਿਆਂ ਵੱਲ ਭੱਜਣ, ਕਦੀ ਕਿਤੇ।

ਮੈਨੂੰ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੇ ਇਹ ਕਹਾਣੀ ਸੁਣਾਈ। ਮੈਂ ਬਹੁਤ ਪਹਿਲਾਂ ਡਾ. ਕਾਵੂਰ ਦੀਆਂ ਪੁਸਤਕਾਂ ਪੜ੍ਹੀਆਂ ਹੋਈਆਂ ਸਨ। ਮੈਨੂੰ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਦਾ ਗਿਆਨ ਵੀ ਸੀ। ਮੈਂ ਉਨ੍ਹਾਂ ਦੇ ਰਿਸ਼ਤੇਦਾਰ ਨੂੰ ਪੁੱਛਿਆ ਕਿ ਇਹ ਸਭ ਕੁਝ ਨਵੀਂ ਬਹੂ ਦੇ ਆਉਣ ਤੇ ਹੀ ਸ਼ੁਰੂ ਹੋਇਆ ਹੈ? ਉਨ੍ਹਾਂ ਨੇ 'ਹਾਂ' ਕਿਹਾ। ਮੈਂ ਉਹਨਾਂ ਨੂੰ ਕਿਹਾ ਕਿ ਛੋਟੀ ਬਹੂ ਤੁਹਾਡੇ ਘਰ ਵਿਚ ਨਹੀਂ ਰਹਿਣਾ ਚਾਹੁੰਦੀ। ਉਹ ਆਪਣਾ ਘਰ ਤੇ ਪੈਸਾ ਅਲੱਗ ਕਰਨਾ ਚਾਹੁੰਦੀ ਹੈ।

ਉਹਨਾਂ ਨੇ ਇਸ ਗੱਲ ਦੀ ਦਰਿਆਫਤ ਕੀਤੀ ਤਾਂ ਗੱਲ ਸਹੀ ਨਿਕਲੀ। ਉਹਨਾਂ ਦੇ ਪਰਿਵਾਰ ਦੇ ਮੁਖੀ ਨੇ ਮੁੰਡੇ ਨੂੰ ਤਾੜਿਆ "ਚੁੱਕੋ ਸਮਾਨ ਤੇ ਡੰਗਰਾਂ ਵਾਲੇ ਵਾੜੇ ਵਿਚ ਜਾ ਰਹੋ। ਅਲੱਗ ਘਰ ਛੱਤ ਕੇ ਦੇਣ ਦੀ ਮੇਰੇ ਵਿਚ ਹਿੰਮਤ ਨਹੀਂ। ਨਹੀਂ ਤਾਂ ਚੁੱਪ ਕਰਕੇ ਇੱਥੇ ਬੈਠੇ ਰਹੋ।" ਮੁੜ ਕੇ ਉਨ੍ਹਾਂ ਦੇ ਘਰ ਕੋਈ ਘਟਨਾ ਨਹੀਂ ਵਾਪਰੀ। ਛੋਟੀ ਬਹੂ ਵੀ ਤੱਕਲੇ ਵਾਂਗ ਸਿੱਧੀ ਹੋ ਗਈ।

ਮਾਨਸਿਕ ਰੋਗ ਦਾ ਤਾਂ ਬਹਾਨਾ ਹੀ ਹੁੰਦਾ ਹੈ। ਅਸਲ ਵਿਚ ਇਹੋ ਜਿਹੀਆਂ ਸਮੱਸਿਆਵਾਂ ਆਮ ਕਰਕੇ ਘਰੇਲੂ ਹੀ ਹੁੰਦੀਆਂ ਹਨ। ਸਿਆਣੇ ਲੋਕ ਆਪਣੀ ਸੂਝ-ਬੂਝ ਨਾਲ ਇਨ੍ਹਾਂ ਦਾ ਨਿਸਤਾਰਾ ਘਰ ਵਿੱਚ ਹੀ ਕਰ ਲੈਂਦੇ ਹਨ ਜਦੋਂਕਿ ਮੂਰਖ ਲੋਕ ਅਖੌਤੀ ਸਿਆਣਿਆਂ, ਬਾਬਿਆਂ ਅਤੇ ਸਾਧਾਂ ਸੰਤਾਂ ਪਾਸੋਂ ਲੁੱਟ ਹੁੰਦੇ ਹਨ।

ਇਸੇ ਤਰ੍ਹਾਂ ਇਕ ਨੌਜਵਾਨ ਕਿਸੇ ਸਰੀਰਕ ਕਮਜ਼ੋਰੀ ਕਾਰਨ ਆਪਣੀ ਪਤਨੀ ਨੂੰ ਸੰਤੁਸ਼ਟ ਨਹੀਂ ਸੀ ਕਰ ਸਕਦਾ। ਘਰ ਵਿਚ ਉਸ ਦੀਆਂ ਤਿੰਨ ਭੈਣਾਂ ਵੀ ਸਨ ਜਿਸ ਕਾਰਨ ਕੋਈ ਗੱਲ ਕਰਨੀ ਵੀ ਔਖੀ ਸੀ। ਮਾਪਿਆਂ ਦੀ ਬਦਨਾਮੀ ਸਹਿਣੀ ਵੀ ਮੁਸ਼ਕਿਲ ਸੀ। ਲੜਕੀ ਨੂੰ ਫਿੱਟ ਪੈਣ ਲੱਗੇ। ਘਰਦਿਆਂ ਨੇ ਕਈ ਡਾਕਟਰਾਂ ਨੂੰ ਦਿਖਾਇਆ, ਵਿਚਲੀ ਗੱਲ ਕਿਸੇ ਨੂੰ ਵੀ ਨਾ ਦੱਸੀ। ਅਖੀਰ ਇਕ ਚੁਸਤ ਔਰਤ ਉਸ ਨੂੰ ਕਿਸੇ ਡੇਰੇ ਵਿਚ ਜਾ ਕੇ ਦਸ ਦਿਨ ਸੇਵਾ ਕਰਨ ਦਾ ਸੁਝਾਅ ਦੇ ਆਈ। ਲੜਕੀ ਨਾਲ ਡੇਰੇ ਦੇ ਸਾਧ ਨੇ ਸਰੀਰ ਸਬੰਧ ਬਣਾ ਲਏ। ਉਹ ਇੱਕ ਪੁੱਤਰ ਦੀ ਮਾਂ ਬਣ ਗਈ। ਹੁਣ ਉਹ ਸਮਝਦੀ ਹੈ ਕਿ ਮੈਂ ਕਿਉਂ ਲੋਕਾਂ ਵਿਚ ਸਾਧ ਨੂੰ ਬੁਰਾ ਆਖਾਂ? ਜੋ ਮੈਨੂੰ ਪਤੀ ਨੇ ਨਹੀਂ ਦਿੱਤਾ ਸਾਧ ਨੇ ਦੇ ਦਿੱਤਾ। ਨਾਲੇ ਸਮਾਜਕ ਪੱਖੋਂ ਭੱਲ ਵੀ ਬਣ ਗਈ। ਮਾਨਸਿਕ ਰੋਗ ਵੀ ਹਟ ਗਿਆ। ਇਹੋ ਜਿਹੇ ਸਮਾਜਕ ਮਸਲਿਆਂ ਨੂੰ ਉਛਾਲਣ ਵਿਚ ਲੋਕ ਅਪਣੀ ਹੱਤਕ ਸਮਝਦੇ ਹਨ।

ਸੋ ਵਧੇਰੇ ਮਾਨਸਿਕ ਰੋਗੀ ਇਸਤ੍ਰੀਆਂ ਘਰੇਲੂ ਸਮੱਸਿਅਵਾਂ ਵਿਚ ਹੀ ਗ੍ਰਸਤ ਹੁੰਦੀਆਂ ਹਨ। ਕਈ ਵਾਰ ਤਾਂ ਹੈਰਾਨੀ ਹੁੰਦੀ ਹੈ ਕਿ ਇਹੋ ਜਿਹੇ ਸਮਾਜਕ ਨਿਯਮਾਂ ਵਿਚ ਔਰਤ ਕੀ ਕਰੇ। ਕਈ ਮਾਨਸਿਕ ਰੋਗਾਂ ਦੇ ਕਾਰਨ ਘਰੇਲੂ ਕਲ਼ੇਸ਼ ਵੀ ਹੁੰਦੇ ਹਨ। ਜਿਨ੍ਹਾਂ ਨੂੰ ਦੂਰ ਕਰਨ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ। ਅਸਲੀਅਤ ਜਾਨਣ ਲਈ ਗਿਆਨ ਜ਼ਰੂਰੀ ਹੈ। ਇਹ ਗਿਆਨ ਤਾਂ ਤਰਕਸ਼ੀਲ ਵਿਦਿਆ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਇਸ ਲਈ ਔਰਤਾਂ ਦੀ ਬਾਹਰਲੀ ਕਸਰ ਅਸਲ ਵਿੱਚ ਅੰਦਰਲੀ ਕਸਰ ਹੁੰਦੀ ਹੈ।



ਕਵਿਤਾ

## ਰਹਿਮਤ ਦਾ ਪਲ

ਸੀਤਲ ਸਿੰਘ ਸੈਣੀ, ਲੁਧਿਆਣਾ

ਹਰ ਪਲ ਸਿਜ਼ਦਾ ਕਰੀਏ ਦਾਤੇ ਦਾ,
ਕਿਸ ਪਲ ਹੋਵੇ ਦਰਸ਼ਨ ਤੇਰਾ।
ਉਹ ਪਲ ਭਾਗਾਂ ਵਾਲਾ ਸਮਝਾਂ,
ਨਾਮ ਦਾ ਜਿਸ ਪਲ ਰਿਦੈ ਬਸੇਰਾ।
ਸਤਿਗੁਰੂ ਦੀ ਪਲ ਭਰ ਰਹਿਮਤ,
ਉਸ ਪਲ ਬੇੜਾ ਤਰ ਜਾਊ ਮੇਰਾ।
ਦਰਸ਼ਨ ਹਰ ਪਲ ਲੋਚਨ ਸਾਡੇ,
ਜੋਤੀ ਚਾਨਣ ਉਡੇ ਹਨ੍ਹੇਰਾ।
ਪਲ ਅਮੋਲਕ ਨਾਮ ਸਾਂਈ ਦਾ,
ਤਰੁਟ ਮਨ ਵਸੈ ਪਲ ਬਥੇਰਾ।
ਹੋ ਅਮਰਾਪਦ ਵਕਤ ਨਸੀਬੀਂ,
ਬਖਸ਼ੀਂ ਇਕ ਪਲ ਬੰਦਾ ਤੇਰਾ
ਉਡੀਕਾਂ ਵਿਚ ਹਰ ਪਲ ਲੰਘਾਵਾਂ,
ਆ ਜਾਏ ਪਲ ਭਰ ਸੱਚਾ ਨੇੜਾ।
ਧੂੜ ਸਾਧੂ ਦੀ ਮਸਤਕ ਲਾ ਕੇ,
ਪਲ-ਦਰਗਾਹੀਂ ਸਫਲੀਂ ਤੇਰਾ।
ਰਹਿਮਤ ਦਾ ਪਲ ਖੱਟ ਲੈ ਬੰਦੇ,
ਵਿਚ ਸਿਮਰਨ ਪਲ ਹੋਏ ਨਿਬੇੜਾ।
ਪਲ ਪਲ ਜੀਵਾਂ ਕਰ ਤੇਰੀਆਂ ਸਿਫਤਾਂ,
ਰੱਖ ਲਾਜ ਸੁਆਮੀ ਹਰ ਪਲ ਖੇੜਾ।

## ਅਸਟ੍ਰੇਲੀਆ ਵਿੱਚ ਮਾਂ-ਬੋਲੀ ਦਾ ਸਪੂਤ ਹਰਜੀਤ ਸਿੰਘ ਲਸਾੜਾ

ਪੰਜਾਬ ਵਿੱਚ ਜਲੰਧਰ ਜ਼ਿਲ੍ਹੇ ਦੇ ਪਿੰਡ ਲਸਾੜਾ ਵਿੱਚ ਸ. ਜਗੀਰ ਸਿੰਘ ਤੇ ਅਮਰਜੀਤ ਕੌਰ ਦੇ ਘਰ 1975 ਵਿੱਚ ਜਨਮਿਆਂ ਹਰਜੀਤ ਸਿੰਘ ਸੈਣੀ, ਅਸਟ੍ਰੇਲੀਆ ਵਿੱਚ ਆਪਣੀਆਂ ਮਾਤਭਾਸ਼ਾ ਪੰਜਾਬੀ ਦੇ ਪ੍ਰਸਾਰ ਤੇ ਪ੍ਰਚਾਰ ਸਦਕਾ ਉੱਥੋਂ ਦੇ ਪੰਜਾਬੀ ਭਾਈਚਾਰੇ ਵਿੱਚ ਹਰਮਨਪਿਆਰਾ ਹੈ। ਉਹ ਬ੍ਰਿਸਬਨ ਵਿਖੇ ਕਮਿਉਨਿਟੀ ਰੇਡੀਓ ਫੋਰ ਈ.ਬੀ ਪੰਜਾਬੀ ਭਾਸ਼ਾ ਗਰੁੱਪ ਦੀ ਕਮੇਟੀ ਦੇ ਸਰਬਸੰਮਤੀ ਨਾਲ ਤੀਜੀ ਵਾਰ ਕਨਵੀਨਰ ਚੁਣਿਆ ਗਿਆ ਹੈ। ਇਹ ਬਹੁ-ਭਾਸ਼ਾਈ ਕਮਿਉਨਿਟੀ ਰੇਡੀਓ ਪਿਛਲੇ ਚਾਲੀ ਸਾਲਾਂ ਤੋਂ ਸਥਾਨਿਕ ਤੇ ਵਿਸ਼ਵ ਦੇ ਵੱਖ ਵੱਖ ਭਾਗਾਂ ਤੋਂ ਆ ਕੇ ਇੱਥੇ ਵਸੇ ਪ੍ਰਵਾਸੀਆਂ ਦੀਆਂ 50 ਦੇ ਕਰੀਬ ਭਾਸ਼ਾਵਾਂ ਦੇ ਰੇਡੀਓ ਪੇਸ਼ਕਾਰਾਂ ਨੂੰ ਆਪਣੀ ਮਾਤਭਾਸ਼ਾ ਵਿੱਚ ਮੁਫਤ ਪ੍ਰੋਗਰਾਮ ਪ੍ਰਸਾਰਿਤ ਕਰਨ ਦਾ ਮੌਕਾ ਦੇ ਰਿਹਾ ਹੈ ਜਿਸ ਨਾਲ ਉਹ ਆਪਣੇ ਵਿਰਸੇ ਨਾਲ ਜੁੜੇ ਰਹਿੰਦੇ ਹਨ।




ਇਸ ਤੋਂ ਪਹਿਲਾਂ ਹਰਜੀਤ ਲਸਾੜਾ ਨੂੰ ਉਸ ਦੀਆਂ ਸਮਾਜ ਪ੍ਰਤਿ ਸ਼ਲਾਘਾਯੋਗ ਸੇਵਾਵਾਂ ਬਦਲੇ **'ਇੰਡੀਆ ਅਸਟਰੇਲੀਆ ਬਿਜ਼ਨਸ ਐਂਡ ਕਮਿਉਨਿਟੀ ਐਵਾਰਡਜ਼( ਇਬਕਾ)'** ਸੰਸਥਾ ਵਲੋਂ ਅਸਟ੍ਰੇਲੀਆ ਦੇ ਵਕਾਰੀ **'ਐਕਸੀਲੈਂਸ ਕਮਿਉਨਿਟੀ ਸਰਵਿਸ ਐਵਾਰਡ 2019'** ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਹ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਕਾਰਜ ਕਰ ਰਹੀ ਸੰਸਥ,-'ਹੋਪਿੰਗ ਈਰਾ ਅਸਟ੍ਰੇਲੀਆ' ਅਤੇ ਪੰਜਾਬੀ ਪੱਤਰਕਾਰੀ ਵਿੱਚ ਕਾਰਜਸ਼ੀਲ 'ਬ੍ਰਿਸਬਨ ਪੰਜਾਬੀ ਪ੍ਰੈਸ ਕਲੱਬ' ਦਾ ਵੀ ਪ੍ਰਬੰਧਕੀ ਮੈਂਬਰ ਹੈ।

ਪੰਜਾਬ ਤੋਂ ਐਮ.ਕਾਮ. ਦੀ ਡਿਗਰੀ ਹਾਸਲ ਕਰ ਕੇ ਰੋਟੀ-ਰੋਜ਼ੀ ਲਈ ਅਸਟ੍ਰੇਲੀਆ ਗਿਆ ਹਰਜੀਤ ਲਸਾੜਾ ਹੁਣ ਉਸ ਦੇਸ਼ ਦਾ ਨਾਗਰਿਕ ਹੈ ਅਤੇ ਟਰਾਂਸਪੋਰਟ ਦਾ ਕੰਮ ਕਰਨ ਦੇ ਨਾਲ ਨਾਲ ਬ੍ਰਿਸਬੇਨ ਸ਼ਹਿਰ ਦੇ ਅਦਬੀ ਖੇਤਰ ਵਿੱਚ ਮਕਬੂਲ ਹੈ। ਉਹ ਉਥੋਂ ਦੀਆਂ ਸਿਰਮੌਰ ਸੰਸਥਾਵਾਂ 'ਇੰਡੋਜ਼ ਥਿਏਟਰ' ਅਤੇ ਰੇਡੀਓ ਰਿਧਮ, ਦਾ ਸਰਗਰਮ ਸੂਤਰਧਾਰ ਹੋਣ ਦੇ ਨਾਲ ਨਾਲ 'ਪੰਜਾਬੀ ਟ੍ਰਿਬਿਊਨ' ਦਾ ਪੱਤਰਪ੍ਰੇਰਕ ਵੀ ਹੈ। ਉਸ ਨੇ ਬ੍ਰਿਸਬੇਨ ਦੇ ਲੇਖਕਾਂ ਨਾਲ ਮਿਲ ਕੇ ਇੱਕ ਕਾਵਿ-ਸੰਗ੍ਰਹਿ 'ਸਮੁੰਦਰੋਂ ਪਾਰ ਦੇ ਦੀਵੇ' ਵੀ ਪ੍ਰਕਾਸ਼ਿਤ ਕਰਵਾਇਆ ਹੈ। ਨਸ਼ਿਆਂ ਵਿਰੁੱਧ ਲਿਖਿਆ ਨਾਟਕ ' ਨਿਘਾਰ' ਉੱਥੋਂ ਦੇ ਪੰਜਾਬੀ ਪ੍ਰੋਗ੍ਰਾਮ ਵਿੱਚ ਖੇਡਿਆ

## ਸੁਪਨੇ



*ਹਰਜੀਤ ਲਸਾੜਾ, ਬ੍ਰਿਸਬੇਨ

ਸਮੇਂ ਦੀ ਕੋਝੀ ਚਾਲ ਨੂੰ,
ਮੈਂ ਸਮਝ ਹੀ ਨਾ ਸਕਿਆ।
ਲੱਖ ਯਤਨ ਕਰ ਵੇਖ ਲਏ,
ਕਾਲ ਦੇ ਪੁੜਾਂ 'ਚ ਫਸਿਆ।
ਧੁਖਦੀਆਂ ਰਹੀਆਂ ਤਨਹਾਈਆਂ,
ਭਸਮ ਵੀ ਹੋਈਆਂ ਖੁਸ਼ੀਆਂ।
ਔਕੜਾਂ ਰਸਤੇ ਵੀ ਰੋਕੇ,
ਨਾਲ ਵੀ ਮੈਂ ਲੜਿਆ।
ਮਾਰੂਥਲਾਂ ਨੂੰ ਵੀ ਸਿੰਜਿਆ,
ਹੰਝੂਆਂ ਦੇ ਹੜ੍ਹਾਂ ਨਾਲ।
ਰੀਝਾਂ ਨਾਲ ਸੀ ਜੋ ਬੀਜੇ,
ਵਾਅਦਾ ਇਕ ਨਹੀਂ ਪੁੰਗਰਿਆ।
ਸੰਨਾਟਿਆਂ 'ਚ ਸ਼ੋਰ ਸੀ,
ਸ਼ੋਰ ਵਿੱਚ ਚੁੱਪ ਸੀ।
ਸੁਪਨੇ ਪਿਆਸਿਆਂ ਨੇ ਕਦੀ,
ਸਾਉਣ ਵੀ ਨਾ ਮੰਗਿਆ।
ਭਾਵਨਾਵਾਂ ਦੇ ਸਮੁੰਦਰਾਂ ਨੂੰ,
'ਜੀਤ' ਵਾਰ ਵਾਰ ਤਰਿਆ।
ਪਾਣੀ ਮਾਰੂ ਪੱਤਣਾ ਦਾ,
ਹਮੇਸ਼ਾਂ ਵਾਂਙ ਰਿਹਾ ਚੜ੍ਹਿਆ।
ਸਾਹਾਂ ਨਾਲ ਵੀ ਮੈਂ ਲੜਿਆ,
ਬਹਾਨਾ ਵੀ ਕੋਈ ਘੜਿਆ।

**ਨਵਾਂ ਸਾਲ ਆਪ ਜੀ ਅਤੇ ਆਪ ਦੇ ਪਰਿਵਾਰ ਲਈ ਖੁਸ਼ੀਆਂ ਤੇ ਖੇੜੇ ਲੈ ਕੇ ਆਵੇ**
**– ਇੰਜ. ਜਸਵੰਤ ਸਿੰਘ ਜਲੰਧਰ**



## List of Scholarship Awardees (2019-20)

Balbir Singh Saini
Saini Bhawan
Rupnagar

| No. | Name of Beneficiary | Class | Name of Institution | Amount per Annum Rs. |
|---|---|---|---|---|
| 1 | Jasleen Kaur | B. Pharmacy1st Sem. | College of Pharmacy Bela | 5000/- |
| 2 | Amanpreet Singh | B. Pharmacy1st Sem. | College of Pharm Bela | 5000/- |
| 3 | Jaskiran Kaur | B. Pharmacy,3rd year | College of Pharm Bela | 5000/- |
| 4 | Ishwinder Singh | B. Pharmacy,7th Sem. | College of Pharm Bela | 5000/- |
| 5 | Simrandeep Saini | M.Sc. Botany | Punjabi Uni Patiala | 8000 |
| 6 | Ramandeep Kaur | M.Sc. Bio Tech.2 year | College Bela | 8000 |
| 7 | Amandeep Kaur | M.B.A. 2nd year | Rayat BahraUniMohali | 8000 |
| 8 | Priya Saini | M.Sc. Chemistry 2ndyr | P.G.I. Chandigarh | 8000 |
| 9 | Karan Singh Saini | B. E. (C.S.E) 7th Sem. | Chitkara University | 8000 |
| 10 | Mandeep Kaur | M. Tech.(C.S.E.) | R.I.E.T Rail Majra | 8000 |
| 11 | Harshita Saini | M.Sc. (Bio Tech.)2ndyr | college Bela | 8000 |
| 12 | Kawalpreet Kaur | B. Tech. 2nd year | A.Inst. oTech.Gharuan | 8000 |
| 13 | Sharandeep Kaur | B. Tech.C.S.E.2nd yr | Rayat BahraUniMohali | 8000 |
| 14 | Jaskaran Kaur | M.P.Ed.2nd year | Pb Uni Chandigarh | 8000 |
| 15 | Manpreet Kaur | B.Com.3rd year | Govt. College Ropar | 5000/- |
| 16 | Amanjot Kaur | B.Sc.Final year | Govt. College Ropar | 5000/- |
| 17 | Rupinder Kaur | B.Sc. 3rd year | Govt. College Ropar | 5000/- |
| 18 | Simranjeet Kaur | B.Sc. 3rd year | college Bela | 5000/- |
| 19 | Charanpreet Kaur | B.Com. Final | Govt College Ropar | 5000/- |
| 20 | Jaspreet Kaur | B.Sc. Agri.4th year | College, ChamkaurSa | 5000/- |
| 21 | Harpreet Kaur | B.Sc. 3rd year | Govt College Ropar | 5000/- |
| 22 | Maninderpreet K. | B.Sc. 5th Sem | Govt College Ropar | 5000/- |
| 23 | Karishma Sharma | M.Sc.Chemistry1stSem. | P G Govt. CollegeChd | 8000/- |
| 24 | Jaswinder Kaur | M.Sc.Chem.1st year | M.Gujri Coll. FdhSahib | 8000/- |
| 25 | Diya Saini | B.Com.(Hons.) | C.G.C.Landran | 5000/- |
| 26 | Tushar Gupta | B.Tech. (C.S.E.)2nd yr | C.G.C.Landran | 8000/- |

| | | | | |
|---|---|---|---|---|
| 27 | Preet Saini | B.Com. 3rd year | Govt College Ropar | 5000/- |
| 28 | Gurneet Kaur | B.Sc. (Med.)5th Sem. | Govt College Ropar | 5000/- |
| 29 | Navjot Kaur | B.Com. 1st year | Na. Coll Machhiwara | 5000/- |
| 30 | Ramanpreet Kaur | B.Sc.1st year | Govt College Ropar | 10,000/- |
| 31 | Paramjeet Singh | B.Sc. ( Hons.) Agri. | S. G. T. B. Kh. C. Anandpur | 6000/- |
| 32 | Harkaran Singh | B.Com.3rd Sem. | S G T B Kh C AnandSahib | 6000/- |
| 33 | Kulwinder Kaur | BA 2nd year | Govt College Ropar | 3000/- |
| 34 | Taranjeet Kaur | B.Sc.1st year | S.G.T.B. Kh CAndpurSahib | 6000/- |
| 35 | Baljinder Kaur | B.Sc.(Med.)1st year | Govt College Ropar | 6000/- |
| 36 | Ravinder Singh | BA 1st year | Govt College Ropar | 3000/- |
| 37 | Mandeep Singh | BA 1st year | Govt College Ropar | 6000/- |
| 38 | Manpreet Kaur | BA 1st year | Govt College Ropar | 6000/- |
| 39 | Rajveer Kaur | BCA 2nd year | Rayat Inst of Mang. R.majra | 6000/- |
| 40 | Dilpreet Kaur | BA 3rd Sem | Govt College Ropar | 3000/- |
| 41 | Davinder Kaur | BA 2nd year | Govt College Ropar | 3000/- |
| 42 | Miss.Pawanpreet Kaur | B.Com. 1st year | Govt College Ropar | 3000/- |
| 43 | Simranjeet Kaur | BA. 2nd year | Govt College Ropar | 3000/- |
| 44 | Sarbjeet Kaur | B.Pharma.3rd Sem | Him. Phara Colleg Nalagarh | 6000/- |
| 45 | Sukhpreet Singh | B.Com. 1st year | college Bela | 5000/- |
| 46 | Arshpreet Singh | B.Com.1st year | college Bela | 5000/- |
| 47 | Sukhpreet Kaur | B.Sc. Nursing 1st year | A.I.I.M.S. Rishikesh | 5000/- |
| 48 | Kulwinder Kaur | B.Sc. Hons.1st year | M G College Fatehgarh Sahib | 6000/- |
| 49 | Jaspreet Singh | BCA Part-1 | college Bela | 4000 |
| 50 | Navpreet Kaur | M.Com. 1st Sem | college Bela | 5000/- |
| 51 | Maninder Kaur | BDS 1st year | B J S DenCollegeLudhiana | 5000/- |
| 52 | Harmanpreet Kaur Saini | M.Sc.-I Bio Tech. | college Bela | 6000/- |
| 53 | Suyash Sharma | B. Tech. (CSE)1st yr | Chg Eng College Landran | 6000/- |

| | | | | |
|---|---|---|---|---|
| | | | Landran | |
| 54 | Jaap Kaur | B. Tech. ( CSE)1st yr | Chg Group of College Mohali | 6000/- |
| 55 | Rinki Kumari | I.T.I Computer | I.T.I Computer Ropar | 5000/- |
| 56 | Nisha | B.Com .3rd year | Govt. College Ropar | 5000/- |
| 57 | Jaspreet Kaur | B.Com. 1st year | Govt. College Hoshiarpur | 6000/- |
| 58 | Manvir Kaur | B.Sc.2nd | BAM Khalsa College Garhshankar | 4000/ |
| 59 | Jasvir Singh | B.Tech.(C.S.E.) 1stsem | Ad Inst of Tech Gharuan | 6000/- |
| 60 | Gurpreet Singh | BA 3rd year | Govt. College Ropar | 5000/- |
| 61 | Parvinder Kaur | BA 1st year | Govt College Ropar | 3000/- |
| 62 | Sunita Devi | BA 1st year | Govt College Ropar | 3000/- |
| 63 | Manpreet Kaur | B.Sc.3rd year | college Bela | 3000/- |
| 64 | Mandeep Kaur | ETT 1st year | DIET Ropar | 5000/- |
| 65 | Kulwinder Kaur | BCA 1st year | college Bela | 5000/- |
| 66 | Gagandeep Kaur | BCA 1st year | GGS Co Women Chd. | 5000/- |
| 67 | Sumneet Kaur | B.Sc.3rd year | DAV College Chandigarh | 5000/- |
| 68 | Sandeep Singh | M.Sc.(Chemistry) | M G College Fatehgarh Sahib | 6000/- |
| 69 | Muskaan Saini | B.Sc. IT | G.G D.S.D. College Chd | 6000/- |
| 70 | Gursimran Kaur Saini | B.Sc.(M.L.T.) | R B Uni Sahoran Mohali. | 5000/- |
| 71 | Lovepreet Kaur | B.Sc.(Nursing )4th year | R B Colof NursingMohali | 5000/- |
| 72 | Jashanpreet Kaur | B. Ed. | Pb.Co of Edu Chunni Fat.S | 5000/- |
| 73 | Gurmeet Kaur | G.N.M.Nursing 3rd year | Saraswati Coll of Nursing | 5000/- |
| 74 | Ramanpreet Kaur | B.Sc. 1st year | college Bela | 10,000/- |
| 75 | Harkirt Kaur | M.Sc. 2nd yearFores.Sc | Inst of Fores.Sci P UChd | 6000/- |
| 76 | Manpreet Singh | Diploma E.C.E. 3rSem. | Rayat College Rail Majra | 5000/- |
| 77 | Sonika | M.Sc. (Botany) | S.G.T.B.Kh C. AndppurSah | 5000/- |
| 78 | Simranjeet Kaur | B.Com. | Govt. College Ropar | 5000/- |
| 79 | Harpuneet Singh | CA 1st year | Govt. College Ropar | 5000/- |
| 80 | Harpreet Kaur | BCA 1st Sem | Govt. College Ropar | 5000/- |
| 81 | Jaspreet Kaur | B.Ed.2nd year | Pb College of Edu, Chunni | 5000/- |
| 82 | Simranjeet Kaur | M.Sc. (Math.1st year | college Bela | 6000/- |
| 83 | Jaskirat Singh | B.Tech.(C.S.E.) | I.E.T. Bhaddal | 7500/- |
| 84 | Sarabjeet Singh | B.Tech.(C.S.E.)7thSem. | I.E.T. Bhaddal | 6000/- |

| | | | | |
|---|---|---|---|---|
| 85 | Sapinder Kaur | M.Sc. (Math.) 2nd year | college Bela | 6000/- |
| 86 | Manpreet Singh | B. Tech. .Aero.Engg. | School of Aero. Rajasthan | 7000/- |
| 87 | Simranjeet Kaur | B. Tech.(C.S.E.) | B.B.S.B.E.C. Fatehgarh Sa | 7000/- |
| 88 | Prabhjot Kaur | B. Voc Food Processi | college Bela | 5000/ |
| 89 | Sandeep Kaur | B.Sc. Comm Science | P.A.U. Ludhiana | 5000/- |
| 90 | Harmanpreet Kaur | B.Sc. Med Lab Science | college Bela | 5000/- |
| 91 | Jsika Sharma | M.Sc.-1 Chemistry | S.G.T.B. Kh C Anandpur S | 5000/- |
| 92 | Varsha Rani | MA (Punjabi) 2nd year | Govt. College Ropar | 4000/- |
| 93 | Raman Kumar | M. Pharmacy | college Bela | 4000/- |
| 94 | Ravneet Kaur | M.Sc.-1(Math) | college Bela | 5000/- |
| 95 | Kiranjeet Kaur | M.Com. | S.G.T.B. Kh College Anandpur Sahib | 5000/- |
| 96 | Ajay Kumar Sharma | M.Sc.-1 (Chemistry) | DAV College Chandigarh | 5000/- |
| 97 | Navneet Kaur | B.Sc. Nursing | G N of Nursi Dhahan K | 10,000/- |
| 98 | Kiranjot Kaur | B.Sc.(Agriculture) | S.G.T.B. Kh C Andpur Sah | 10,000/- |
| 99 | Arvinder Kaur | M.Com. | I college Bela | 6000/- |
| 100 | Inderpreet Kaur | B.Ed. 2nd year | P G C of Edu BassiPathana | 6000/- |
| 101 | Manisha Rani | 10th | P M Deaf & Dumb S Ropar | 4000/- |
| 102 | Sukhvir Singh | 10th | P M Deaf & Dumb S Ropar | 4000/- |
| 103 | Rohit Kumar | 10th | P M Deaf & Dumb S Ropar | 4000/- |
| 104 | Miss Rupinder Kaur | B.Ed. 3rd Sem. | PG C of Edu Bassi Pathana | 5000/- |
| 105 | Simranjeet Kaur | D.Pharma 2nd year | Rayat Bahra Uni Mohali | 6000/- |
| 106 | Gurvinder Kaur | Computer Course | Govt. I.T.I Women Ropar | 5000/- |

Total Amount disbursed = 5,93,500/-

Note : L.R. Mundra Memorial Scholarship worth Rs. 3 Lakh yearly could not be awarded this year due to the unavailability of eligible deserving student.

Compiled by : Amarjit Singh
Saini Sansar Ropar



# ਸੈਣੀ ਜਰਨੈਲ ਨੂੰ ਅਲਵਿਦਾ

**ਅਮਰਜੀਤ ਸਿੰਘ**
ਸੈਣੀ ਭਵਨ, ਰੂਪਨਗਰ

ਸੈਣੀ ਬਰਾਦਰੀ ਨੇ ਪਰਮਵੀਰ ਚੱਕਰ ਵਿਜੇਤਾ- ਕੈਪਟਨ ਗੁਰਬਚਨ ਸਿੰਘ ਸਲਾਰੀਆ ਤੇ ਸੂਬੇਦਾਰ ਜੋਗਿੰਦਰ ਸਿੰਘ, ਪਰਮਵਸ਼ਿਸ਼ਟ ਸੇਵਾ ਮੈਡਲ ਜੇਤੂ- ਲੈਫ. ਜਨਰਲ ਹਰਭਜਨ ਸਿੰਘ ਬਾਂਗਾ ਅਤੇ ਲੈਫ. ਜਨਰਲ ਅਸ਼ੋਕ ਕੁਮਾਰ ਸੈਣੀ ਸਮੇਤ ਦਰਜਣਾਂ ਹੀ ਸੇਨਾ ਮੈਡਲ ਜੇਤੂ, ਵਸ਼ਿਸ਼ਟ ਸੇਵਾ ਮੈਡਲ ਜੇਤੂ ਅਤੇ ਸ਼ੌਰਯ ਚੱਕਰ ਵਿਜੇਤਾ ਯੋਧੇ ਭਾਰਤੀ ਫੌਜ ਨੂੰ ਅਰਪਿਣ ਕੀਤੇ ਹਨ। ਇਸ ਲੰਬੀ ਸੂਚੀ ਵਿੱਚ **ਮੇਜਰ ਜਨਰਲ ਪਰਵਿੰਦਰ ਸਿੰਘ** ਵੀ ਸ਼ਾਮਿਲ ਹਨ ਜਿਨ੍ਹਾਂ ਦਾ 29 ਨਵੰਬਰ, 2019 ਨੂੰ ਦੇਹਾਂਤ ਹੋ ਗਿਆ ਹੈ। ਇਸ ਬਹਾਦੁਰ ਜਰਨੈਲ ਦਾ ਜਨਮ 21 ਮਾਰਚ, 1952 ਨੂੰ ਸ. ਹਜ਼ੂਰਾ ਸਿੰਘ ਤੇ ਮਾਤਾ ਅੰਮ੍ਰਿਤ ਕੌਰ ਦੇ ਸੈਣੀ ਕਿਸਾਨੀ ਪਰਿਵਾਰ ਵਿੱਚ ਮੋਹਾਲੀ ਨਜ਼ਦੀਕ ਪਿੰਡ ਦੇਸੂਮਾਜਰਾ ਵਿੱਚ ਹੋਇਆ। ਆਪ ਨੇ ਪੰਜਵੀਂ ਤੱਕ ਸਿੱਖਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ ਅਤੇ ਫਿਰ ਦੇਸ਼ ਦੀ ਰੱਖਿਆ ਕਰਨ ਦਾ ਨਿਸ਼ਾਨਾ ਮਿਥ ਕੇ ਸੈਨਿਕ ਸਕੂਲ ਕਪੂਰਥਲਾ ਵਿੱਚ ਜਾ ਦਾਖਲ ਹੋਏ ਜਿੱਥੋਂ ਬਹੁਤ ਵਧੀਆ ਅੰਕਾਂ ਨਾਲ ਮੈਟ੍ਰਿਕ ਪਾਸ ਕੀਤੀ। ਇਸ ਉਪਰੰਤ ਆਪਣੀ ਬੌਧਿਕ ਸ਼ਕਤੀ ਤੇ ਮਿਹਨਤ ਦੇ ਬਲਬੂਤੇ ਆਪ ਨੇ ਨੈਸ਼ਨਲ ਡਿਫੈਂਸ ਅਕੈਡਮੀ(ਐਨ.ਡੀ.ਏ) ਵਿੱਚ ਦਾਖਲਾ ਲੈ ਲਿਆ ਜਿੱਥੋਂ ਗ੍ਰੈਜੂਏਸ਼ਨ ਕਰਕੇ ਆਈ.ਐਮ.ਏ ਲਈ ਚੁਣੇ ਗਏ। ਸੰਨ 1973 ਵਿੱਚ ਆਪ ਭਾਰਤੀ ਫੌਜ ਵਿੱਚ ਕਮਿਸ਼ਨ ਲੈ ਕੇ ਆਟਿਲਰੀ ਵਿੱਚ ਲੈਫਟੀਨੈਂਟ ਬਣ ਗਏ ਅਤੇ 1978 ਵਿੱਚ ਏਅਰ ਓ.ਪੀ. ਵਿੱਚ ਪਾਇਲਟ ਦੀਆਂ ਸੇਵਾਵਾਂ ਸੰਭਾਲ ਲਈਆਂ। ਆਪ ਨੇ ਆਪਣੀ ਲਿਆਕਤ ਤੇ ਮਿਹਨਤ ਸਦਕਾ ਲਗਾਤਰ ਤਰੱਕੀ ਕਰਦਿਆਂ 65 ਫੀਲਡ ਰਜਮੈਂਟ ਦੇ ਕਮਾਂਡਿੰਗ ਅਫਸਰ, 5 ਆਟਿਲਰੀ ਬ੍ਰਿਗੇਡ ਦੇ ਬ੍ਰਿਗੇਡ ਕਮਾਂਡਰ, ਮੇਜਰ ਜਨਰਲ ਆਟਿਲਰੀ ਵੈਸਟਰਨ ਕਮਾਂਡ, ਡਿਪਟੀ ਕਮਾਂਡੈਂਟ ਸਕੂਲ ਆਫ ਆਟਿਲਰੀ ਅਤੇ ਮੇਜਰ ਜਨਰਲ ਆਫ ਜਨਰਲ ਸਟਾਫ ਵੈਸਟਰਨ ਕਮਾਂਡ ਜਿਹੀਆਂ ਜ਼ਿੰਮੇਵਾਰੀ ਵਾਲੀਆਂ ਸੇਵਾਵਾਂ ਪੂਰੀ ਤਨਦੇਹੀ ਤੇ ਸਫਲਤਾ ਨਾਲ਼ ਨਿਭਾਈਆਂ। ਇਨ੍ਹਾਂ ਸ਼ਾਨਦਾਰ ਸੇਵਾਵਾਂ ਬਦਲੇ ਰਾਸ਼ਟਰਪਤੀ ਨੇ ਆਪ ਨੂੰ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ।




ਆਪ ਦੇ ਤਿੰਨ ਛੋਟੇ ਭਰਾ- ਸ.ਸੁਖਵਿੰਦਰ ਸਿੰਘ, ਹਰਵਿੰਦਰਪਾਲ ਸਿੰਘ ਤੇ ਸਤਿੰਦਰਪਾਲ ਸਿੰਘ ਆਪਣੇ ਆਪਣੇ ਢੰਗ ਨਾਲ ਸਮਾਜਸੇਵਾ ਕਰਦਿਆਂ ਨਾਮਣਾ ਖੱਟ ਰਹੇ ਹਨ। ਆਪ ਦਾ ਬੇਟਾ ਲ਼ੈਫਟੀਨੈਂਟ ਕਰਨਲ ਅਮਰਿੰਦਰਪਾਲ ਸਿੰਘ ਵੀ ਭਾਰਤੀ ਫੌਜ ਵਿੱਚ ਪਾਇਲਟ ਵਜੋਂ ਸੇਵਾ ਨਿਭਾ ਰਿਹਾ ਹੈ। ਆਪ ਦੇ ਭਤੀਜੇ ਸ. ਤੇਜਦੀਪ ਸਿੰਘ ਸੈਣੀ ( ਪੀ.ਸੀ.ਐਸ.) ਚੰਡੀਗੜ੍ਹ ਵਿਖੇ ਹੋਰ ਅਹੁਦਿਆਂ ਤੋਂ ਇਲਾਵਾ ਖੇਡ ਡਾਇਰੈਕਟਰ ਵਜੋਂ ਵੀ ਸੇਵਾ ਨਿਭਾ ਰਹੇ ਹਨ। ਮਿਤੀ 7 ਦਸੰਬਰ,2019 ਨੂੰ ਅੰਤਿਮ ਅਰਦਾਸ ਸਮੇਂ ਆਪ ਦੇ ਸੈਕੜੇ ਸਾਥੀਆਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਜੁੜ ਕੇ ਸ਼ਰਧਾਂਜਲੀਆਂ ਦਿੰਦਿਆਂ ਉਨ੍ਹਾਂ ਦੀਆਂ ਸਮਾਜ ਪ੍ਰਤਿ ਸੇਵਾਵਾਂ ਨੂੰ ਯਾਦ ਕੀਤਾ। ਸੈਣੀ ਭਵਨ ਰੂਪਨਗਰ ਤੋਂ ਚੇਅਰਮੈਨ ਡਾ.ਅਜਮੇਰ ਸਿੰਘ, ਜਨਰਲ ਸਕੱਤਰ ਬਲਬੀਰ ਸਿੰਘ ਸੈਣੀ ਅਤੇ ਪ੍ਰਧਾਨ ਰਾਜਿੰਦਰ ਸੈਣੀ ਨੇ ਸ਼ਰਧਾਂਜਲੀ ਸਮਾਰੋਹ ਵਿੱਚ ਸ਼ਾਮਲ ਹੋ ਕੇ ਸ਼ੋਕ ਸੰਦੇਸ਼ ਪੇਸ਼ ਕੀਤਾ। ਇਸ ਮਹਾਨ ਯੋਧੇ ਨੂੰ ਉਦਾਸੀਭਰੀ ਅਲਵਿਦਾ।

## ਸਫਲਤਾ 'ਤੇ ਵਧਾਈਆਂ

*ਸੈਣੀ ਭਵਨ ਰੂਪਨਗਰ ਵਲੋਂ ਸਨਮਾਨਿਤ **ਖੁਸ਼ੀ ਸੈਣੀ** ਪੁੱਤਰੀ ਐਡਵੋਕੇਟ ਹਰਜੀਤ ਸਿੰਘ ਵਾਸੀ ਰੂਪਨਗਰ ਅਤੇ **ਜੈਸਮੀਨ ਕੌਰ** ਪੁੱਤਰੀ ਸਵ. ਬਿਕਰਮਜੀਤ ਸਿੰਘ ਨੇ ਦੋਹਾ ਵਿਖੇ ਨਵੰਬਰ, 2019 ਵਿੱਚ ਆਯੋਜਿਤ 14ਵੀਂ ਏਸ਼ੀਅਨ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਵਿੱਚ ਤਮਗੇ ਜਿੱਤ ਕੇ ਬਰਾਦਰੀ ਦਾ ਨਾਮ ਰੌਸ਼ਨ ਕੀਤਾ ਹੈ। ਖੁਸ਼ੀ ਸੈਣੀ ਨੇ ਮਹਿਲਾਵਾਂ ਦੇ ਜੂਨੀਅਰ ਵਰਗ ਵਿੱਚ 10 ਮੀਟਰ ਏਅਰ ਰਾਈਫਲ ਦੇ ਵਿਅਕਤੀਗਤ ਅਤੇ ਟੀਮ ਮੁਕਾਬਲੇ ਵਿੱਚ ਕ੍ਰਮਵਾਰ ਕਾਂਸੀ ਅਤੇ ਚਾਂਦੀ ਦੇ ਤਮਗੇ ਜਿੱਤੇ ਹਨ। ਜਸਮੀਨ ਕੌਰ ਨੇ ਇਸ ਮੁਕਾਬਲੇ ਵਿੱਚ ਸੋਨ ਤਮਗਾ ਹਾਸਲ ਕੀਤਾ ਹੈ। ਉਹ ਰੂਪਨਗਰ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸਕੂਲ ਝੱਲੀਆ ਕਲਾਂ ਦੀਆਂ ਵਿਦਿਆਰਥਣਾ ਹਨ।

**ਕੈਨੇਡਾ ਵਿੱਚ ਪਾਰਲੀਮੈਂਟ ਚੋਣ ਜਿੱਤ ਕੇ **ਸ. ਹਰਜੀਤ ਸਿੰਘ ਸੱਜਣ** ਰੱਖਿਆ ਮੰਤਰੀ ਅਤੇ **ਸ਼੍ਰੀ ਰਾਜ ਸੈਣੀ** ਮੈਂਬਰ ਪਾਰਲੀਮੈਂਟ ਬਣੇ ਹਨ। ਸੈਣੀ ਬਰਾਦਰੀ ਨੂੰ ਇਨ੍ਹਾਂ ਰਾਜਨੀਤਿਕ ਆਗੂਆਂ 'ਤੇ ਬਹੁਤ ਮਾਣ ਹੈ। ਇਨ੍ਹਾਂ ਨੇ ਬਰਾਦਰੀ ਦੀ ਅੰਤਰਰਾਸ਼ਟਰੀ ਪਹਿਚਾਣ ਬਣਾਈ ਹੈ।

*** ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਸਹਾਇਕ ਐਡਵੋਕੇਟ ਜਨਰਲ ਪੰਜਾਬ, **ਹਰਸਿਮਰ ਸਿੰਘ ਸਿੱਟਾ** ਪੁੱਤਰ ਸਵ. ਨਰਿੰਦਰ ਸਿੰਘ ਸਿੱਟਾ( ਐਡਵੋਕੇਟ) ਸਾਲ 2021-22 ਲਈ ਰੋਟਰੀ ਕਲੱਬ ਰੂਪਨਗਰ ਦੇ ਪ੍ਰਧਾਨ ਚੁਣੇ ਗਏ ਹਨ। ਸੈਣੀ ਭਵਨ ਦੇ ਪ੍ਰਬੰਧਕਾਂ ਦੀਆਂ ਸ਼ੁੱਭ ਇਸ਼ਾਵਾਂ ਉਨ੍ਹਾਂ ਦੇ ਨਾਲ ਹਨ। ਪਰਮਾਤਮਾ ਉਨ੍ਹਾਂ ਨੂੰ ਹੋਰ ਬੁਲੰਦੀਆਂ



Ajmer Singh Dhamrait
Saini Bhawan,
Rupnagar

## NEW FIVE YEAR MEMBERS OF "SAINI SANSAR"

Continued from 30 of 35th Issue


830. **Smt. Parminder Kaur**
# 374, GZS Nagar, Ropar
831. **Smt. Davinder Kaur**
VPO Banga, Distt. SBS Nagar
832. **S. Avtar Singh**
VPO Phagwara
833. **S. Harpreet Singh**
Vill. Shampura, Distt. Ropar
834. **S. Inderjeet Singh Saini**
Dugri Road, Ludhiana
835. **S. Ranjit Singh Saini**
Guru Teg Bahadar Nagar, Kharar
836. **Sh. Rakesh Saini**
# 120, Sector 33A, Chandigarh
837. **S. Charanjit Singh Girn**
Sheikhan Mohalla, Ropar
838. **Dr. Rajinder Singh Balgir**
#8, Sukh Enclave, Patiala
839. **S. Rattan Singh**
Chhoti Haveli, Distt. Ropar
840. **S. Jagtar Singh**
Vill. Sukhrampur Tapprian, Ropar
841. **S. Bhag Singh**
# 188, Dasmesh Nagar, Ropar
842. **S. Surinder Singh**
# 25, New Hargobind Nagar, Ropar
843. **S. Harmandeep Singh Masuta**
Satluj Enclave, Kherabad, Ropar
844. **S. Manmohan Singh**
# 4, Hargobind Nagar, Ropar
845. **S. Narpinder Singh**
VPO Bhairomajra, Ropar
846. **S. Harkaran Singh**
VPO Bhairomajra, Ropar
847. **S. Gurcharan Singh**
Sector 68, SAS Nagar
848. **S. Harbans Singh USA**
# 36, Malhotra Colony, Ropar
849. **S. Gurmukh Singh**
Vill. Jhallian Khurd, Ropar
850. **S. Tarlochan Singh**
# 194, Ward No. 3, Morinda
851. **S. Palvinder Singh**
VPO Manupur, Fatehgarh Sahib
852. **S. Jagdev Singh**
# 64, GZS Nagar, Ropar

## Simple but Important Tips for impressive Personality

- Greets Seniors with folded hands
- Say ' Excuse me please' while passing across seniors
- Do not interrupt seniors when they are talking
- Listen seniors carefully and then answer their questions
- During conversation keep your body movements to minimum
- Do not eat while talking
- Do not interfere in other's conversation, speak only when asked to
- Be brief and to the point, do not beat about the bush

## ਸਫਲਤਾ 'ਤੇ ਵਧਾਈ

ਸ. ਸਤਬੀਰ ਸਿੰਘ ਸੈਣੀ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਨਿਯੁਕਤ ਹੋਏ ਹਨ। ਆਪ ਇਸ ਜ਼ਿਲ੍ਹੇ ਦੇ ਪਿੰਡ ਪੱਲੀ ਝਿੱਕੀ ਦੇ ਵਸਨੀਕ ਹਨ ਅਤੇ 10 ਸਾਲ ਪਿੰਡ ਦੇ ਸਰਪੰਚ, 10 ਸਾਲ ਜ਼ਿਲ੍ਹ ਯੂਥ ਕਾਂਗਰਸ ਦੇ ਪ੍ਰਧਾਨ ਅਤੇ 7 ਸਾਲ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਹਨ। ਸੈਣੀ ਭਵਨ ਰੂਪਨਗਰ ਵਲੋਂ ਆਪ ਨੂੰ ਬਹੁਤ ਬਹੁਤ ਵਧਾਈ।



## Hints for Successful Life on the basis of Self-Experience

**Adv. Baldev Singh**
Mundra
Mumbai

Continued from page 15 of 34th issue……….

**Regards for the teachers**. To get valuable knowledge, we must respect our teachers. Let me narrate an apesode of Ramayan to explain my point. Ravana having been hurt seriously in the battle with Ram, was waiting his death. Lord Rama knew that Lankapati was a great scholar and had great knowledge about ayurvedic medicine in addition to his immense administrative caliber. He was versatile king and knew how to handle adverse situation. Lord Rama directed his brother Lakshmana to go to Lankapati and learn various things from him. Lakshmana followed instruction of his brother and went to Ravana for learning. He stood near his head requesting for coaching him about various political, administration and ayurvedic medicine spheres, but Lankapati closed his eyes and totally ignored him. He did not respond to Lakshmana. Disappointed about his aborted mission of learning, Lakshmana reported back to his brother Lord Rama.

Lord Rama explained to his brother that his approach to Ravana was defective. "Dear Lakshman ! You were meeting a learned person to gain knowledge. You are student and Lankapati is learned teacher. You should have been seated near his feet and begged for knowledge. Remember, it is your humility and regards for the teacher that get you knowledge from a highly versatile, multifaceted educated and great king like Ravan. Go again in this manner and learn." Lakshmana went second time with humble and respectful approach to Ravana and got educated. He got knowledge from Ravana only through his humility and respect for the Learned Teacher Ravana that earlier he ( Lakshmana) was denied when he was arrogant and showed his power. Ravana disregarded his enmity with Lord Rama and Lakshmana as now he was in the role of a worthy teacher. Our mother is our first teacher and deserve great respect.

This story was useful for me in HAZIRA GAS SWEENTING PLANT. The gas sweetening technology was totally new to India and ONGC. We took help of USA Company for helping in commissioning and operation for a few months in initial stages. Our team was assigned this job. As team leader my informal suggestion to my colleagues was to learn like Lakshmana learnt from Lankapati Ravana. This worked well. The Plant was taken in shortest possible time without any untoward incidents. Our team showed enthusiasm in learning and approached trainer/foreign experts astheir apprentice/assistants to grasp the new technology. Our trainers became so much involved in imparting their hard earned experience properly. They sincerely guided not only in day to day operation but also briefed us in impending problems that they had faced elsewhere. Our humble and sincere approach of learning won the heart of our trainers.

Thus teacher /student relationship when maintained respectfully add to the enjoyment of both. It gives happiness and satisfaction to both parties. It is applicable anywhere and everywhere.The person who teaches something needs to berespected no matter he was your enemy yesterday.

**Need for Affection-** When a new student joins school it is natural the old student will like to know about him/her. However to show their seniority and superiority quite often they misbehave with their juniors and thereby rag them. Such incidents are not limited to school colleges they are observed in industries and

professional organizations also. These things are dangerous for the harmony and peaceful existence in the society and need a relook with the active participation of all concerned.

Let us see mathematically. Figure 9 is highest and 1 is lowest, whereas 0 has no value. We personify these figures and 9 becomes the most powerful person and one get pedestal power. One day 9 was watching rising sun and 8 happened to pass by. Mr 8 wished good morning to 9 and got slap on his face from him. On inquiry 8 got reply that 9 is bigger /more valuable than 8 and has a right to slap him. Mr 8 returned back and found 7 coming towards him to be slapped. Enraged Mr 7 left to locate 6 to penalize him. This process continued till Mr 1 was thrashed by his immediate superior Mr 2. All of us know that one (1) stands for unity also. 1 did not behave like his elder brothers or senior in value. He went to Miss 0, lifted in his arm and very affectionately kept on his right side. This affectionate union of 1& 0 became 10, ten times bigger than 1 and definitely bigger than the arrogant and ill -mannered Mr 9 who appeared crest fallen when he visited Mr 1 and found ten times bigger than earlier.

This example is applicable in all walk of life especially in industries. It is simple rule that if you put your junior or subordinate in the right place both gain in their value and company benefit in the long run. It generate proper working environments and congenial atmosphere making every person satisfied and happy.

In short humility of Lakshmana get you knowledge even from your Enemy. Focus like Arjun will help you hit the target. Support from Family and friendsmoothen and stabilize your life. Eradicating your Ego and adoption of fellow feeling towards your junior pleases every participant. All of you are the future of our nation and wish to do well for the prosperity of our country.

ਕਹਾਣੀ

## ਮਹਾਨ ਕੌਣ ?

ਇੱਕ ਆਦਮੀ ਸਾਧਾਰਨ ਕਿਸਾਨ ਸੀ। ਉਹ ਮਿਹਨਤ ਮੁਸ਼ਕਤ ਕਰ ਕੇ ਆਪਣਾ ਟੱਬਰ ਪਾਲਦਾ ਸੀ। ਉਸ ਦਾ ਇੱਕੋ-ਇੱਕ ਪੁੱਤਰ ਸੀ। ਇਸ ਲਈ ਉਸ ਦੀ ਤਮੰਨਾਂ ਸੀ ਕਿ ਉਸ ਦਾ ਪੁੱਤਰ ਬੜਾ ਆਦਮੀ ਬਣੇ। ਉਸ ਨੇ ਤੰਗੀਆਂ-ਤੁਰਸੀਆਂ ਨਾਲ ਆਪਣੇ ਪੁੱਤਰ ਲਈ ਉਚ-ਪੱਧਰੀ ਸਿੱਖਿਆ ਦਾ ਪ੍ਰਬੰਧ ਕੀਤਾ। ਪੁੱਤਰ ਵੀ ਬਹੁਤ ਮਿਹਨਤੀ ਤੇ ਲਾਇਕ ਸੀ। ਇਸ ਸਦਕਾ ਪੁੱਤਰ ਉੱਚੀ ਪੱਦਵੀ 'ਤੇ ਪਹੁੰਚਣ ਵਿੱਚ ਕਾਮਯਾਬ ਹੋ ਗਿਆ। ਹੁਣ ਪਿਤਾ ਦੇ ਦਿਨ ਵੀ ਫਿਰ ਗਏ ਅਤੇ ਉਹ ਆਰਾਮ ਵਾਲੀ ਜ਼ਿੰਦਗੀ ਬਿਤਾਣ ਲੱਗਾ।

ਇੱਕ ਦਿਨ ਪਿਤਾ-ਪੁੱਤਰ ਸ਼ਾਮ ਸਮੇਂ ਇਕੱਠੇ ਟਹਿਲ ਰਹੇ ਸਨ। ਪਿਤਾ ਨੇ ਪੁੱਤਰ ਦਾ ਅੰਦਰ ਜਾਨਣ ਲਈ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਪੁੱਛਿਆ, " ਬੇਟੇ! ਦੱਸ, ਤੂੰ ਮਹਾਨ ਹੈਂ ਕਿ ਮੈਂ?"। ਪੁੱਤਰ ਨੇ ਤੁਰੰਤ ਉੱਤਰ ਦਿੱਤਾ, " ਮੈਂ"।


ਆਪਣੇ ਪੁੱਤਰ ਦੇ ਬੇਉਮੀਦੇ ਉੱਤਰ ਨੂੰ ਸੁਣ ਕੇ ਉਸ ਨੂੰ ਝਟਕਾ ਲੱਗਾ ਅਤੇ ਉਹ ਆਪਣਾ ਹੱਥ ਮੋਢਿਆਂ ਤੋਂ ਚੁੱਕ ਕੇ ਪਿੱਛੇ ਹਟ ਗਿਆ। ਉਸ ਨੂੰ ਇੱਕ ਪਲ ਜਾਪਿਆ ਕਿ ਉਸ ਦਾ ਪੁੱਤਰ ਉੱਚ ਪੱਦਵੀ 'ਤੇ ਬੈਠ ਕੇ ਘਮੰਡੀ ਹੋ ਗਿਆ ਹੈ ਅਤੇ ਆਪਣੇ ਬਾਪ ਦੀ ਕੁਰਬਾਨੀ ਨੂੰ ਭੁੱਲ ਕੇ ਆਪਣੇ ਆਪ ਨੂੰ ਮਹਾਨ ਸਮਝਣ ਲੱਗਾ ਹੈ। ਉਸ ਨੂੰ ਤਾਂ ਆਪਣੇ ਪੁੱਤਰ ਦੀ ਸਿਆਣਪ 'ਤੇ ਬਹੁਤ ਮਾਣ ਸੀ। ਇਸ ਲਈ ਸੋਚਣ ਲੱਗਾ ਕਿ ਇਹ ਵੀ ਹੋ ਸਕਦਾ ਹੈ ਕਿ ਪੁੱਤਰ ਨੇ ਬਿਨਾਂ ਸੋਚੇ-ਸਮਝੇ ਕਾਹਲੀ ਵਿੱਚ ਜਵਾਬ ਦੇ ਦਿੱਤਾ ਹੋਵੇ।

ਉੱਤਰ ਦੀ ਪੁਸ਼ਟੀ ਲਈ ਉਸ ਨੇ ਮੁੜ ਸਵਾਲ ਕੀਤਾ, "ਬੇਟਾ! ਦੱਸ, ਤੂੰ ਮਹਾਨ ਹੈਂ ਕਿ ਮੈਂ?" ਪੁਤਰ ਨੇ ਸਪਾਟ ਉੱਤਰ ਦਿੱਤਾ, " ਪਿਤਾ ਜੀ! ਤੁਸੀਂ ਮਹਾਨ ਹੋ"।

ਉਹ ਇੱਕੋ ਪ੍ਰਸ਼ਨ ਦੇ ਵਿਰੋਧੀ ਉੱਤਰ ਸੁਣ ਕੇ ਬੜਾ ਹੈਰਾਨ ਹੋਇਆ। ਉਸ ਨੇ ਇਸ ਦਾ ਕਾਰਨ ਜਾਨਣ ਲਈ ਪੁੱਤਰ ਨੂੰ ਪ੍ਰਸ਼ਨ ਕੀਤਾ, " ਇੱਕ ਮਿੰਟ ਪਹਿਲਾਂ ਤਾਂ ਤੂੰ ਆਪਣੇ ਆਪ ਨੂੰ ਮਹਾਨ ਕਹਿੰਦਾ ਸੀ ਅਤੇ ਹੁਣ ਮੈਨੂੰ ਮਹਾਨ ਕਹਿ ਰਿਹਾ ਏਂ। ਕੀ ਤੂੰ ਹੋਸ਼-ਹਵਾਸ ਵਿੱਚ ਹੈਂ? ਕੀ ਤੂੰ ਮੈਨੂੰ ਦੋਵੇਂ ਵਿਰੋਧੀ ਉੱਤਰਾਂ ਦਾ ਕਾਰਨ ਦੱਸੇਂਗਾ?"

ਪੁੱਤਰ ਨੇ ਉਤਰ ਦਿੱਤਾ," ਪਿਤਾ ਜੀ! ਪਹਿਲਾਂ ਤੁਹਾਡਾ ਹੱਥ ਮੇਰੇ ਮੋਢੇ 'ਤੇ ਸੀ ਜਿਸ ਕਾਰਨ ਮੈਂ ਮਹਾਨ ਸੀ ਪਰ ਹੁਣ ਤੁਸੀਂ ਆਪਣਾ ਹੱਥ ਮੇਰੇ ਮੋਢੇ ਤੋਂ ਚੁੱਕ ਲਿਆ ਹੈ ਜਿਸ ਕਾਰਨ ਮੈਂ ਮਹਾਨ ਨਹੀਂ ਰਿਹਾ। ਇਸ ਲਈ ਪ੍ਰਸ਼ਨ ਦਾ ਪਹਿਲਾ ਉੱਤਰ ਆਪਣੇ ਆਪ ਹੀ ਉਲਟ ਹੋ ਗਿਆ ਹੈ"।

ਪਿਤਾ ਨੂੰ ਆਪਣੇ ਪੁਤਰ ਦੀ ਸਿਆਣਪ ਦਾ ਅਹਿਸਾਸ ਹੋ



ਦੇਖਣਯੋਗ ਪਹਾੜੀ ਸਥਾਨ

# ਉੱਤਰ ਦੀ ਨਿਗਰਾਨ ਚੌਕੀ, ਚੂਹੜਦਾਰ ਚੋਟੀ

**ਡਾ. ਅਜਮੇਰ ਸਿੰਘ**
ਸੈਣੀ ਭਵਨ ਰੂਪਨਗਰ

ਭਾਰਤ ਦਾ ਉੱਤਰ-ਪੂਰਬੀ ਸੂਬਾ, ਹਿਮਾਚਲ ਪ੍ਰਦੇਸ਼ ਕੁਦਰਤ ਦੀਆਂ ਅਮੋਲ ਦਾਤਾਂ ਨਾਲ ਸਰਸ਼ਾਰ ਹੈ। ਬਰਫਾਂ ਲੱਦੀਆਂ ਪਹਾੜੀ ਚੋਟੀਆਂ, ਨਿਰਮਲ ਦਰਿਆ, ਸੈਕੜੇ ਫੁੱਟ ਉੱਚੇ ਦਰਖਤਾਂ ਦੇ ਸੰਘਣੇ ਜੰਗਲ, ਮਸਤੀ ਮਾਰਦੇ ਚੌਪਾਏ ਜਾਨਵਰ, ਚਹਿਚਹਾਉਂਦੇ ਪੰਛੀ, ਸਵੱਛ ਤੇ ਸ਼ਾਂਤ ਵਾਤਾਵਰਨ ਅਤੇ ਭੋਲੇਭਾਲੇ ਲੋਕ ਸਭ ਮਿਲ ਕੇ ਵਿਸਮਾਦੀ ਮਾਹੌਲ ਸਿਰਜਦੇ ਹਨ। ਹਰ ਸੰਵੇਦਨਸ਼ੀਲ ਆਤਮਾ ਇਸ ਨਜ਼ਾਰੇ ਨੂੰ ਮਾਨਣਾ ਪਸੰਦ ਕਰਦੀ ਹੈ। ਪਰ ਮੌਕਾ ਕਿਸੇ ਕਿਸਮਤਵਾਲੇ ਨੂੰ ਹੀ ਮਿਲਦਾ ਹੈ। ਮੈਨੂੰ ਇਹ ਸੁਭਾਗ ਰੂਪਨਗਰ ਦੀ ਇੱਕ ਵਿਲੱਖਣ ਸੰਸਥਾ ' ਯੂਨੀਕ ਐਡਵੈਂਚਰ ਕਲੱਬ' ਦੀ ਮਿਹਰਬਾਨੀ ਸਦਕਾ ਇਸ ਸਾਲ 14-16 ਨਵੰਬਰ ਨੂੰ ਪ੍ਰਾਪਤ ਹੋਇਆ।

ਸਾਡੀ ਮੰਜ਼ਿਲ ਸੀ- ਚੂਹੜਧਾਰ। ਕੁਦਰਤ ਦਾ ਅਜੂਬਾ। ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ ਦੀ ਤਹਿਸੀਲ ਰਾਜਗੜ੍ਹ ਵਿੱਚ ਪੈਂਦਾ ਇਹ ਸਥਾਨ ਸੋਲਨ ਸ਼ਹਿਰ ਦੇ ਚੜ੍ਹਦੇ ਵੱਲ 62 ਕਿਲੋਮੀਟਰ ਅਤੇ ਸ਼ਿਮਲਾ ਦੇ ਪੂਰਬ-ਦੱਖਣ ਵਿੱਚ 105 ਕਿਲੋਮੀਟਰ ਦੂਰ ਸਥਿਤ ਹੈ। 14 ਨਵੰਬਰ ਨੂੰ ਦੁਪਹਿਰ ਬਾਅਦ 21 ਉੱਦਮੀ ਅਧਖੜ ਮਰਦਾਂ-ਔਰਤਾਂ ਤੇ ਨੌਜਵਾਨ ਲੜਕੇ-ਲੜਕੀਆਂ ਦਾ ਜਥਾ 'ਜੈ ਮਾਤਾ' ਤੇ 'ਸਤਿ ਸ਼੍ਰੀ ਅਕਾਲ' ਦੇ ਜੈਕਾਰੇ ਬੁਲਾਉਂਦਾ ਇੱਕ ਟੈਂਪੂ ਟ੍ਰੈਵਲਰ ਤੇ ਕਾਰ ਵਿੱਚ ਰੂਪਨਗਰ ਤੋਂ ਰਵਾਨਾ ਹੋਇਆ ਜੋ ਹੱਸਦਾ-ਗਾਉਂਦਾ ਬੱਦੀ, ਪੰਜੌਰ, ਧਰਮਪੁਰ ਤੋਂ ਹੁੰਦਾ ਹੋਇਆ ਕਰੀਬ 100 ਕਿਲੋਮੀਟਰ ਦਾ ਫਾਸਲਾ ਤੈਅ ਕਰ ਕੇ ਸੋਲਨ ਤੋਂ ਕੋਈ 7-8 ਕਿਲੋਮੀਟਰ ਪਹਿਲਾਂ ਕੁਮਾਰਹੱਟੀ ਦੇ ਸਥਾਨ 'ਤੇ 5 ਵਜੇ ਪਹੁੰਚ ਗਿਆ, ਜਿੱਥੇ ਅੱਧਾ ਕੁ ਘੰਟਾ ਇੱਕ ਹੋਟਲ ਵਿੱਚ ਰੁਕ ਕੇ ਇੱਕ ਸਾਥੀ ਲੜਕੇ ਦੇ ਜਨਮ ਦਿਨ ਦਾ ਕੇਕ ਕੱਟਿਆ ਅਤੇ ਕੁੱਝ ਰਿਫਰੈਸ਼ੈਂਟ ਲਈ। ਪਹਾੜੀ ਰਸਤਾ ਤਾਂ ਭਾਵੇਂ ਪੰਜੌਰ ਤੋ ਹੀ ਸ਼ੁਰੂ ਹੋ ਗਿਆ ਸੀ, ਪਰ ਚੰਡੀਗੜ੍ਹ-ਸ਼ਿਮਲਾ ਨੈਸ਼ਨਲ ਹਾਈਵੇਅ ਹੋਣ ਕਾਰਨ ਰੁਕਾਵਟਾਂ ਭਰਿਆ ਨਹੀਂ ਸੀ। ਕੁਮਾਰਹੱਟੀ ਤੋਂ ਨੈਸ਼ਨਲ-ਹਾਈਵੇ ਛੱਡ ਕੇ ਪੂਰਬ ਵੱਲ ਜਾਂਦਿਆਂ ਮੁਸ਼ਕਲ ਪਹਾੜੀ ਰਾਸਤਾ ਆਰੰਭ ਹੋ ਗਿਆ ਭਾਵੇਂ ਸੀ ਇਹ ਵੀ ਰੌਣਕਭਰਪੂਰ। ਯਸ਼ਵੰਤਨਗਰ ਤੇ ਨੋਨੀ ਕਸਬਿਆਂ ਵਿੱਚੀਂ ਕਰੀਬ 65 ਕਿਲੋਮੀਟਰ ਦਾ ਇਹ ਰਾਸਤਾ ਤੈਅ ਕਰਕੇ ਨੈਰੀਪੁਲ ਸਥਾਨ 'ਤੇ ਇੱਕ ਆਸ਼ਰਮ ਤੱਕ ਪਹੁੰਚਦਿਆਂ ਰਾਤ ਦੇ ਨੌਂ ਵੱਜ ਗਏ ਜਿੱਥੇ ਲੰਗਰ ਛਕਿਆ ਅਤੇ ਰਾਤ ਕੱਟੀ। ਇਹ ਆਸ਼ਰਮ ਅਸਲ ਵਿੱਚ ਚੂਹੜਧਾਰ ਮੰਦਰ ਦੇ ਮੋਢੀ ਮਹਾਤਮਾਵਾਂ ਦਾ ਸੰਸਕਾਰ-ਸਥਾਨ ਹੈ ਜਿੱਥੇ ਉਨ੍ਹਾਂ ਦੀਆਂ ਸਮਾਧਾਂ ਬਣੀਆਂ ਹੋਈਆਂ ਹਨ।


ਦੂਜੇ ਦਿਨ ਤੜਕੇ ਚਾਰ ਵਜੇ ਇਹ ਜਥਾ ਆਪਣੇ ਨਿਰਧਾਰਤ ਸਥਾਨ ਚੂਹੜਧਾਰ ਲਈ ਰਵਾਨਾ ਹੋਇਆ। ਇੱਥੋਂ ਅੱਗੇ ਦਾ ਤਕਰੀਬਨ ਸਾਰਾ ਰਾਸਤਾ ਟੁੱਟਿਆ-ਭੱਜਿਆ ਅਤੇ ਮੋੜਾਂ ਤੇ ਚੜ੍ਹਾਈਆਂ-ਉਤਰਾਈਆਂ ਵਾਲਾ ਹੈ। ਉੱਪਰਲੇ ਪਹਾੜੀ ਇਲਾਕੇ ਤੋਂ ਹਿਮਾਚਲੀ ਸੇਬ ਇਸ ਰਾਸਤੇ ਹੀ ਸੋਲਨ ਦੀ ਮੰਡੀ ਵਿੱਚ ਆਉਂਦੇ ਹਨ। ਇਸ ਕਾਰਨ ਬਹੁਤੇ ਟਰੱਕ ਹੀ ਚੱਲਦੇ ਹਨ। ਰੋਜ਼ਾਨਾ ਰੂਟ ਦੀਆਂ ਤਾਂ ਇੱਕ-ਦੋ ਬੱਸਾਂ ਹੀ ਦਿਸੀਆਂ ਪਰ ਇੱਕਾ-ਦੁੱਕਾ ਨਿਜੀ ਕਾਰਾਂ ਤੇ ਦੋ-ਪਹੀਆ ਵਾਹਨ ਕਿਤੇ ਕਿਤੇ ਜ਼ਰੂਰ ਟੱਕਰੇ। ਉਂਜ ਪਹਾੜੀਆਂ 'ਤੇ ਬਣੇ ਘਰਾਂ ਦੇ ਨਜ਼ਦੀਕ ਸੜਕ ਦੇ ਕਿਨਾਰੇ ਧੂੜ ਨਾਲ ਭਰੀਆਂ ਕਾਰਾਂ ਕਾਫੀ ਗਿਣਤੀ ਵਿੱਚ ਖੜ੍ਹੀਆਂ ਨਜ਼ਰ ਆਈਆਂ ਜਿਸ ਤੋਂ ਜਾਪਦਾ ਹੈ ਕਿ ਲੋਕਾਂ ਦਾ ਜੀਵਨ ਪੱਧਰ ਸਹੂਲਤਾਂਭਰਪੂਰ ਹੈ। ਲਗਭਗ 25 ਕਿਲੋਮੀਟਰ 'ਤੇ ਪਹਿਲਾਂ ਛੋਟਾ ਜਿਹਾ ਕਸਬਾ ਪੁਲਵਾਲਾ ਅਤੇ ਫਿਰ ਅੱਗੇ 20 ਕਿਲੋਮੀਟਰ ਦੂਰੀ 'ਤੇ ਮੰਡਾਹ ਦਾ ਸਥਾਨ ਆਇਆ ਜਿੱਥੇ 10 ਕੁ ਵਜੇ ਅਸੀਂ ਪੁੱਜ ਗਏ। ਇੱਥੇ ਹੀ ਆਪਣੇ ਵਹੀਕਲ ਖੜ੍ਹੇ ਕਰ ਦਿੱਤੇ ਕਿਉਂਕਿ ਇਸ ਤੋਂ ਅੱਗੇ ਪੈਦਲ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ।

ਇੱਥੇ ਬਿਨਾ ਆਰਾਮ ਕੀਤਿਆਂ ਅਤੇ ਪਿੱਠੂਆਂ ਵਿੱਚ ਅਤਿ ਜ਼ਰੂਰੀ ਕੱਪੜੇ ਪਾ ਕੇ ਅਸੀਂ ਟਰੈਕਿੰਗ ਲਈ ਤਿਆਰ ਹੋ ਗਏ। ਸਾਡੇ ਤਜਰਬੇਕਾਰ ਆਗੂ ਕੋਚ ਸ. ਬਿਕਰਮਜੀਤ ਸਿੰਘ ਨੇ ਸ਼ੁਰੂ ਵਿੱਚ ਹੀ ਹਦਾਇਤਾਂ ਦੇ ਦਿੱਤੀਆਂ, " ਉਮਰ ਵਿੱਚ ਸਭ ਤੋਂ ਵੱਡੀਆਂ ਤੇ ਕਮਜ਼ੋਰ ਤਿੰਨ ਮੈਡਮਾਂ ਸਭ ਤੋਂ ਅੱਗੇ ਚੱਲਣਗੀਆਂ, ਜੇ ਕੋਈ ਇਨ੍ਹਾਂ ਤੋਂ ਅੱਗੇ ਲੰਘੇਗਾ ਤਾਂ ਉਸ ਨੂੰ ਸੌ ਰੁਪਏ ਜੁਰਮਾਨਾ ਹੋਵੇਗਾ; ਸਭ ਇੱਕ ਲਾਈਨ ਵਿੱਚ ਇੱਕ ਹੀ ਰਸਤੇ 'ਤੇ ਚੱਲਣਗੇ, ਕੋਈ ਵੀ ਛੋਟਾ ਬਦਲਵਾਂ ਰਾਸਤਾ ਅਖਤਿਆਰ ਨਹੀਂ ਕਰੇਗਾ; ਚੜ੍ਹਾਈ ਚੜ੍ਹਦੇ ਤਿਲ੍ਹਕ ਜਾਣ ਤੋਂ ਬਚਣ ਲਈ ਦੋਵੇਂ ਲੱਤਾਂ ਵਿਚਕਾਰ ਵਿਥ ਰੱਖਣੀ ਹੈ ਅਤੇ ਪੈਰਾਂ ਦੇ ਅਗਲੇ ਭਾਗ ਨੂੰ ਦਬਾ ਕੇ ਰੱਖਣਾ; ਥੋੜ੍ਹੇ ਕਦਮਾਂ ਤੋਂ ਬਾਅਦ ਰੁਕ ਜਾਣਾ ਹੈ, ਸਰੀਰ ਨਾਲ ਜ਼ੋਰ-ਜਬਰਦਸਤੀ ਨਹੀਂ ਕਰਨੀ ਆਦਿ"। ਇਨ੍ਹਾਂ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਅਸੀਂ 4 ਕੁ ਘੰਟਿਆਂ ਵਿੱਚ 4 ਕਿਲੋਮੀਟਰ ਚੜ੍ਹਾਈ ਚੜ੍ਹ ਕੇ ਖੜ੍ਹਾਹ ਦੇ ਸੁੰਨਮਸਾਨ ਸਥਾਨ 'ਤੇ ਪਹੁੰਚ ਗਏ ਜਿੱਥੇ ਇੱਕ ਝੌਂਪੜੀਨੁਮਾ ਚਾਹ ਦੀ ਦੁਕਾਨ 'ਤੇ ਚਾਹ ਤੇ ਹੋਰ ਰਿਫਰੈਸ਼ਮੈਂਟ ਲਈ। ਇਸ ਰਾਸਤੇ ਦੇ ਦੋਵੇਂ ਪਾਸੇ ਦੂਰ ਦੂਰ ਤੱਕ ਦੇਵਦਾਰ ਦੇ ਦੈਂਤਆਕਾਰੀ ਬਹੁਤ ਪੁਰਾਣੇ, ਉੱਚੇ ਤੇ ਮੋਟੇ ਦਰਖਤ ਸਨ। ਕਈਆਂ ਨੇ ਤਾਂ ਡਿਗ ਕੇ ਰਸਤਾ ਰੋਕਿਆ ਹੋਇਆ ਸੀ ਪਰ ਇਨ੍ਹਾਂ ਨੂੰ ਚੁੱਕਣ ਦੀ ਸ਼ਾਇਦ ਮਨਾਹੀ ਸੀ। ਕੋਈ ਜੰਗਲੀ ਜਾਨਵਰ ਦਿਖਾਈ ਨਹੀਂ ਦਿੱਤਾ। ਇੱਥੋਂ ਅੱਗੇ ਹੋਰ ਵੀ ਸਿੱਧੀ ਚੜ੍ਹਾਈ ਸੀ ਜਿੱਥੇ ਇੱਕ ਤਾਂ ਬਰਫ ਪਈ ਹੋਈ ਸੀ ਦੂਜੇ ਆਕਸੀਜਨ ਦੀ ਘਾਟ ਕਾਰਨ ਸਾਹ ਫੁੱਲਣ ਲੱਗਾ ਸੀ। ਇਸ ਲਈ ਕੁੱਝ ਔਰਤਾਂ ਨੂੰ ਖੱਚਰਾਂ 'ਤੇ ਬਿਠਾਉਣਾ ਪਿਆ। ਫਿਰ ਹੋਰ ਵੀ ਸੰਘਣਾ ਜੰਗਲ ਆਇਆ ਜਿਸ ਨੂੰ 'ਕਾਲਾਬਾਗ' ਕਿਹਾ ਜਾਂਦਾ ਹੈ। ਇਸ ਤੋਂ ਅੱਗੇ ਬਹੁਤ ਵੱਡੇ ਵੱਡੇ ਪੱਥਰਾਂ ਦਾ ਪਹਾੜ ਸ਼ੁਰੂ ਹੋ ਗਿਆ

ਜਿਸ 'ਤੇ ਟਾਵੇਂ ਟਾਵੇਂ ਦਰਖਤ ਸਨ। ਦੂਰੋਂ ਦੇਖਿਆਂ ਇਹ ਪੱਥਰ ਮਿਲ ਕੇ ਕਈ ਵਿਸ਼ੇਸ਼ ਪ੍ਰਕਾਰ ਦੇ ਆਕਾਰ ਬਣਾਉਂਦੇ ਜਾਪਦੇ ਹਨ ਜਿਨ੍ਹਾਂ ਤੋਂ ਕੁਦਰਤ ਦੀ ਕਲਾਕਾਰੀ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਪੱਥਰਾਂ ਦੀ ਹੋਂਦ ਅਤੇ ਬਣਤਰ ਬਾਰੇ ਵੀ ਕਈ ਮਿਥਹਾਸਿਕ ਕਹਾਣੀਆਂ ਸੁਣਨ ਨੂੰ ਮਿਲੀਆਂ ਜਿਨ੍ਹਾਂ 'ਤੇ ਅੱਜ ਦਾ ਤਰਕਵਾਦੀ ਮਨੁਖ ਵਿਸ਼ਵਾਸ ਨਹੀਂ ਕਰਦਾ।

ਆਖਰ ਪੂਰੀ ਤਰ੍ਹਾਂ ਤੱਕ ਥੱਕ-ਟੁੱਟ ਕੇ ਅਸੀਂ ਢਾਈ (2.5) ਘੰਟਿਆਂ ਵਿੱਚ 2 ਕਿਲੋਮੀਟਰ ਚੜ੍ਹਾਈ ਚੜ੍ਹ ਕੇ 4ਕੁ ਵਜੇ ਪੁਰਾਤਨ ਚੂੜੇਸ਼ਵਰ ਮੰਦਰ ਪਹੁੰਚ ਗਏ। ਇਹ ਬਹੁਤ ਛੋਟਾ ਜਿਹਾ ਮੰਦਰ ਹੈ ਜਿਸ ਦੇ ਨਾਲ ਹੀ ਸਥਾਪਿਤ ਇੱਕ ਆਸ਼ਰਮ ਵਿੱਚ ਸੌਣ ਲਈ ਕਮਰਿਆਂ ਤੇ ਲੰਗਰ ਦਾ ਪ੍ਰਬੰਧ ਹੈ। ਅਸੀਂ ਇੱਥੇ ਸਾਦਾ ਜਿਹਾ ਭੋਜਨ ਕਰ ਕੇ ਅਤੇ ਘੰਟਾ ਕੁ ਆਰਾਮ ਕਰਕੇ ਚੂਹੜਚੋਟੀ ਲਈ ਚੱਲ ਪਏ। ਲੱਤਾਂ ਤਾਂ ਭਾਵੇਂ ਸਾਰਿਆਂ ਦੀਆਂ ਜਵਾਬ ਦੇ ਰਹੀਆਂ ਸਨ ਪਰ ਮਨ ਕੁਦਰਤ ਦੇ ਕ੍ਰਿਸ਼ਮੇ ਨਿਹਾਰਨ ਲਈ ਤਤਪਰ ਸੀ। ਸਵਾ ਕੁ ਘੰਟੇ ਵਿੱਚ 1 ਕਿਲੋਮੀਟਰ ਸਿੱਧੀ ਚੜ੍ਹਾਈ ਚੜ੍ਹ ਕੇ ਅਸੀਂ ਇਸ ਚੋਟੀ 'ਤੇ ਪਹੁੰਚ ਗਏ। ਇੱਥੇ ਸ਼ਿਵ ਜੀ ਦੀ ਬਹੁਤ ਵੱਡੀ ਤੇ ਉੱਚੀ ਮੂਰਤੀ ਸਥਾਪਿਤ ਹੈ। ਇਹ ਸਭ ਤੋਂ ਉੱਚੀ, ਸਮੁੰਦਰੀ ਤਲ ਤੋਂ 3647 ਮੀਟਰ( 11965 ਫੁੱਟ) ਉੱਚੀ ਚੋਟੀ ਹੈ ਜਿਸ ਤੋਂ ਚਾਰੇ ਪਾਸੇ ਦੇ ਪਹਾੜੀ ਨਜ਼ਾਰੇ ਤੇ ਰਾਤ ਸਮੇਂ ਚਮਕਦੇ ਦੂਰਦੁਰਾਡੇ ਸ਼ਹਿਰ ਦੇਖੇ ਜਾ ਸਕਦੇ ਹਨ। ਇੱਥੋਂ ਹਿਮਾਲੀਆ ਪਹਾੜ ਦੀਆਂ ਸਾਰੀਆਂ  ਬਰਫ ਲੱਦੀਆਂ ਚੋਟੀਆਂ ਅਤੇ ਕੇਦਾਰਨਾਥ ਤੇ ਸ਼ਿਮਲਾ ਪਹਾੜੀਆਂ ਦੇ ਦਰਸ਼ਨ ਹੁੰਦੇ ਹਨ। ਇਸ ਲਈ ਇਸ ਨੂੰ ਉੱਤਰ ਦੀ ਨਿਗਰਾਨ ਚੌਕੀ ਕਹਿਣਾ ਵਾਜਬ ਹੈ।ਸੂਰਜ ਦੀ ਪਹਿਲੀ ਕਿਰਨ ਬਿਨਾ ਕਿਸੇ ਰੁਕਾਵਟ ਤੋਂ ਸ਼ਿਵ ਜੀ ਦੀ ਮੂਰਤੀ 'ਤੇ ਪੈਂਦੀ ਹੈ। ਇਸ ਦੀ ਖੋਜ 1834 ਵਿੱਚ ਅੰਗ੍ਰੇਜ਼ ਸਰਵੇਅਰ ਜਨਰਲ ਆਫ ਇੰਡੀਆ, ਜਾਰਜ ਐਵਰੇਸਟ ਨੇ ਕੀਤੀ ਸੀ। ਵਾਪਸ ਆ ਕੇ ਰਾਤ ਅਸੀਂ ਆਸ਼ਰਮ ਵਿੱਚ ਬਿਤਾਈ। ਆਸ਼ਰਮ ਦੇ ਮੌਜੂਦਾ ਸਵਾਮੀ ਕਮਲਾ ਨੰਦ ਜੀ ਨੇ ਵਾਰਤਾਲਾਪ ਦੌਰਾਨ ਦੱਸਿਆ ਕਿ ਸਿਆਲ ਦੇ ਚਾਰ ਮਹੀਨੇ ਇਹ ਸਾਰਾ ਪਹਾੜ ਬਰਫ ਦੀ ਚਿੱਟੀ ਚਾਦਰ ਨਾਲ ਢਕ ਕੇ ਸਮਤਲ ਹੋ ਜਾਂਦਾ ਹੈ ਜਿਸ ਕਰਕੇ ਇੱਥੇ ਸਾਰੀ ਮਨੁੱਖੀ ਹਰਕਤ ਬੰਦ ਹੋ ਜਾਂਦੀ ਹੈ। ਉਨ੍ਹਾਂ ਮਹੀਨਿਆਂ ਵਿੱਚ ਇੱਥੇ ਉਹ ਖੁਦ ਤੇ ਦੋ ਮੰਦਰ ਦੇ ਪੁਜਾਰੀ ਰਹਿੰਦੇ ਹਨ ਕਿਉਂਕਿ ਬਿਜਲੀ ਵੀ ਨਹੀ ਰਹਿੰਦੀ ਤੇ ਬਾਹਰਲੇ ਸੰਸਾਰ ਤੋਂ ਟੁੱਟ ਕੇ ਅੰਦਰ ਹੀ ਰਹਿਣਾ ਪੈਂਦਾ ਹੈ। ਇਸ ਸਮੇਂ ਵੀ ਸਭ ਪਾਸੇ ਬਰਫ ਹੀ ਬਰਫ ਦਿਸਦੀ ਸੀ ਅਤੇ ਠੰਢ ਏਨੀ ਸੀ ਕਿ 4-4 ਕੰਬਲ  ਵੀ ਘੱਟ ਲਗਦੇ ਸਨ। ਪਰ ਨੀਂਦ ਏਨੀ ਆਈ ਕਿ ਸਵੇਰ ਤੱਕ ਸਾਰੀ ਥਕਾਵਟ ਦੂਰ ਹੋ ਗਈ।

ਚੂਹੜਧਾਰ ਬਾਰੇ ਕਈ ਦੰਦ ਕਥਾਵਾਂ ਸੁਣੀਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਮਹਾਂਭਾਰਤ ਦੇ ਯੁੱਧ ਦੌਰਾਨ ਕੌਰਵ-ਪੱਖੀ ਇੱਕ ਮਹਾਂਯੋਧੇ ਨੇ ਕ੍ਰਿਸ਼ਨ ਜੀ ਦੇ ਮੰਗਣ 'ਤੇ ਆਪਣਾ ਸਿਰ ਕੱਟ ਕੇ ਉਨ੍ਹਾਂ ਨੂੰ ਭੇਂਟ ਕਰ ਦਿੱਤਾ ਤਾਂ ਕ੍ਰਿਸ਼ਨ



ਜੀ ਨੇ ਉਸ ਦੇ ਸਿਰ ਨੂੰ ਇਸ ਪਹਾੜੀ 'ਤੇ ਟਿਕਾ ਦਿੱਤਾ ਜਿੱਥੋਂ ਉਸ ਯੋਧੇ ਨੇ ਸਾਰਾ ਮਹਾਂਭਾਰਤ ਦਾ ਯੁੱਧ ਅੱਖੀਂ ਦੇਖਿਆ। ਚੂਹੜ ਨਾਮ ਬਾਰੇ ਵੀ ਸੁਣਨ ਵਿੱਚ ਆਇਆ ਕਿ ਇਹ ਇੱਕ ਰਾਖਸ਼ ਦਾ ਨਾਮ ਸੀ। ਸਥਾਨਿਕ ਲੋਕ ਇਸ ਨੂੰ ਸ਼ਿਰਗੁਲ ਮਹਾਰਾਜ ਦੇਵਤਾ ਦੇ ਸਥਾਨ ਵਜੋਂ ਪੂਜਦੇ ਹਨ। ਉਂਜ ਪਹਾੜੀ ਲੋਕ ਲਗਭਗ ਹਰ ਪਹਾੜੀ ਚੋਟੀ ਨੂੰ ਕਿਸੇ ਨਾ ਕਿਸੇ ਦੇਵਤੇ ਨਾਲ ਜੋੜਦੇ ਹਨ। ਕਈ ਵੇਰ ਤਾਂ ਸਥਾਨਿਕ ਰਾਜੇ ਨੂੰ ਵੀ ਦੇਵਤੇ ਵਜੋਂ ਪੂਜਣ ਦੀ ਰਵਾਇਤ ਹੈ।ਇਹ ਅਜੇ ਵੀ ਆਪਣੇ ਬਜ਼ੁਰਗਾਂ ਨੂੰ ਦੇਵਤਿਆਂ ਵਾਂਗ ਪੂਜਦੇ ਹਨ।ਇਸ ਕਾਰਨ ਹੀ ਹਿਮਾਚਲ ਪ੍ਰਦੇਸ਼ ਨੂੰ ਦੇਵ ਭੂਮੀ ਕਿਹਾ ਜਾਂਦਾ ਹੈ। ਇਹ ਲੋਕ ਭਾਰਤ ਵਿੱਚ ਚੱਲੀਆਂ ਸਮਾਜ-ਸੁਧਾਰਕ, ਧਾਰਮਿਕ ਤੇ ਰਾਜਨੀਤਿਕ ਲਹਿਰਾਂ ਤੋਂ ਵੀ ਅਣਭਿੱਜ ਜਾਪਦੇ ਹਨ ਜਿਸ ਲਈ ਆਪਣੀਆਂ ਪੁਰਾਣੀਆਂ ਰਵਾਇਤਾਂ ਦੀ ਇੰਨਬਿੰਨ ਪਾਲਣਾ ਕਰਦੇ ਹਨ। ਇਸ ਨੂੰ ਜਹਾਲਤ ਕਹੋ ਜਾਂ ਪਿਛੜਾਪਣ ਪਰ ਇਹ ਲੋਕ ਆਪਣੇ ਛਲਰਹਿਤ ਵਤੀਰੇ ਅਤੇ ਸਾਦਾ ਰਹਿਣ-ਸਹਿਣ ਕਾਰਨ ਗੁਆਂਢੀ ਮੈਦਾਨੀ ਸੂਬਿਆਂ ਦੇ ਆਧੁਨਿਕ ਜਾਗਰੂਕ ਲੋਕਾਂ ਤੋਂ ਵੱਧ ਖੁਸ਼ ਜਾਪਦੇ ਹਨ।

ਜੇ ਅਸੀਂ ਇਸ ਸਥਾਨ ਨੂੰ ਧਾਰਮਿਕ ਨਜ਼ਰੀਏ ਤੋਂ ਉੱਪਰ ਉੱਠ ਕੇ ਦੇਖੀਏ ਤਾਂ ਇਸ ਦਾ ਕੋਈ ਸਾਨੀ ਨਹੀਂ। ਮੈਦਾਨੀ ਇਲਾਕਿਆਂ ਦੀ ਦੌੜ-ਧੂਪ ਤੋਂ ਦੂਰ, ਸ਼ਾਂਤ ਮਾਹੌਲ ਤੇ ਸ਼ੁੱਧ ਹਵਾ-ਪਾਣੀ। ਇੱਥੇ ਕੁਦਰਤ ਅਠਖੇਲੀਆਂ ਕਰਦੀ ਨਜ਼ਰ ਆਉਂਦੀ ਹੈ।  ਚੂਹੜਧਾਰ ਦੀ ਚੋਟੀ 'ਤੇ ਬੈਠ ਕੇ ਕੁਦਰਤ ਦੇ ਕ੍ਰਿਸ਼ਮਿਆਂ ਨੂੰ ਨਿਹਾਰਦਿਆਂ ਯਾਦ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵੀ ਕਿਸੇ ਅਜਿਹੇ ਸਥਾਨ 'ਤੇ ਬੈਠਿਆਂ ਵਿਸਮਾਦ ਵਿੱਚ ਹੋ ਕੇ ਲਿਖਿਆ ਹੋਵੇਗਾ-

ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨ ਜਾਈ ਲਖਿਆ।

ਕੁਦਰਤ ਦੇਵੀ ਦੀ ਸੁੰਦਰਤਾ ਨਾਲ ਨਸ਼ਿਆਏ ਅਸੀਂ ਅਗਲੇ ਦਿਨ ਵਾਪਸ ਆਪਣੇ ਘਰੀਂ ਆ ਗਏ ਪਰ ਅੰਤਹਕਰਣ ਵਿੱਚ ਸਮੋਏ ਚੂਹੜਧਾਰ ਦੇ ਸੁੰਦਰ ਨਜ਼ਾਰਿਆਂ ਨੂੰ ਅਜੇ ਵੀ ਮਹਿਸੂਸ ਕਰ ਰਹੇ ਹਾਂ। ਚੰਡੀਗੜ੍ਹ ਤੋਂ ਡੇਢ ਕੁ ਸੌ ਕਿਲੋਮੀਟਰ ਦੂਰ ਚੂਹੜਧਾਰ ਇੱਕ ਵੇਖਣਯੋਗ ਸਥਾਨ ਹੈ। ਰੱਬ ਕਰੇ ਵਾਰ ਵਾਰ ਇਹ ਰੂਹਾਨੀ ਸਥਾਨ ਦੇਖਣ ਦਾ ਸਬੱਬ ਬਣੇ।

ਤਿਮਾਹੀ ਅਕਤੂਬਰ-ਦਸੰਬਰ, 2019 ਦੇ

## ਦਾਨੀ ਸੱਜਣ

**ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਦੇ ਵਿਕਾਸ ਕਾਰਜਾਂ ਲਈ-**

1. ਸੀਨੀਅਰ ਐਡਵੋਕੇਟ ਹਰਮੋਹਨ ਸਿੰਘ ਪਾਲ, ਕਾਲਜ ਰੋਡ ਰੂਪਨਗਰ- 21000 ਰੁਪਏ
2. ਐਡਵੋਕੇਟ ਹਰਮਨਦੀਪ ਸਿੰਘ ਮਸੂਤਾ, ਸਤਲੁਜ ਇਨਕਲੇਵ ਰੂਪਨਗਰ-11000 ਰੁਪਏ
3. ਸ. ਤਰਲੋਚਨ ਸਿੰਘ (ਕੈਨੇਡਾ) ਰਿਟਾ. ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਗਿ.ਜ਼ੈਲ ਸਿੰਘ ਨਗਰ, ਰੂਪਨਗਰ-10000 ਰੁਪਏ
4. ਕੁਸ਼ਲਿਆ ਦੇਵੀ, ਰੂਪਨਗਰ-500 ਰੁਪਏ

**ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਵਜ਼ੀਫਿਆਂ ਲਈ-**

1. ਐਡਵੋਕੇਟ ਬਲਦੇਵ ਸਿੰਘ ਮੁੰਦਰਾ, ਮੁੰਬਈ- 1,02889 ਰੁਪਏ (ਰੈਗੂਲਰ ਵਜ਼ੀਫ਼ੇ)
2. ਸ. ਸਰਵਜੀਤ ਸਿੰਘ, ਮੁੰਡੀ ਖਰੜ- 12000 ਰੁਪਏ। (ਕੈਜ਼ੂਅਲ 2019-20)
3. ਸ. ਹਰਬੰਸ ਸਿੰਘ ਯੂ.ਐਸ.ਏ.- 12000 ਰੁਪਏ।(ਕੈਜ਼ੂਅਲ 2020-21)
4. ਸ. ਹਰੀ ਸਿੰਘ, ਨਵੀਂ ਦਿੱਲੀ- 11000 ਰੁਪਏ। (ਕੈਜ਼ੂਅਲ 2019-20)
5. ਸ. ਟੇਕਪਾਲ ਸਿੰਘ, ਫਰੀਦਾਬਾਦ- 11000 ਰੁਪਏ। (ਕੈਜ਼ੂਅਲ 2019-20)
6. ਸ਼੍ਰੀਮਤੀ ਰਣਜੀਤ ਕੌਰ ਗਿਰਨ ਪੁੱਤਰੀ ਸਵ. ਮਹਿੰਦਰ ਸਿੰਘ ਰੂਪਨਗਰ-10000 ਰੁਪਏ
7. ਸ਼. ਗੁਰਮੁਖ ਸਿੰਘ ਸੈਣੀ ਐਮ.ਸੀ. ਰੂਪਨਗਰ- 10000 ਰੁਪਏ। (ਰੈਗੂਲਰ ਵਜ਼ੀਫੇ)
8. ਸ਼. ਅਵਤਾਰ ਸਿੰਘ ਲੌਂਗੀਆ, ਗਿ.ਜ਼ੈ. ਸਿੰਘ ਨਗਰ ਰੂਪਨਗਰ- 6000 ਰੁਪਏ। (ਕੈਜ਼ੂਅਲ 2019-20)
9. ਸ. ਰਾਜਿੰਦਰ ਸਿੰਘ ਨਨੂਆਂ, ਰੂਪਨਗਰ- 6000 ਰੁਪਏ। (ਕੈਜ਼ੂਅਲ 2019-20)
10. ਸ. ਅਮਨਪ੍ਰੀਤ ਸਿੰਘ, ਪਿੰਡ ਖੁਆਸਪੁਰਾ, ਐਸੋਸੀਏਟ ਪ੍ਰੋਫੈਸਰ 5000/- ਰੁਪਏ। (ਕੈਜ਼ੂਅਲ 2019-20)
11. ਸ. ਸੁਖਪਾਲ ਸਿੰਘ, ਖਾਨਪੁਰ (ਚਮਕੌਰ ਸਾਹਿਬ) ਜ਼ਿਲ੍ਹਾ, ਰੂਪਨਗਰ- 4000 ਰੁਪਏ (ਕੈਜ਼ੂਅਲ 2019-20)

## ਪਹਾੜ ਪਾੜਨ ਵਾਲਾ-ਦਸ਼ਰਥ ਮਾਂਝੀ


ਪਰਬਤਾਂ ਨੂੰ ਸਰ ਕਰਨ ਵਾਲੇ ਤਾਂ ਅਸੀਂ ਸੁਣੇ ਹਨ ਪਰ ਕੋਈ ਪਹਾੜ ਨੂੰ ਪਾੜ ਕੇ ਰਾਸਤਾ ਬਣਾ ਦੇਵੇ ਇਹ ਪਹਿਲੀ ਵਾਰ ਸੁਣਿਆਂ ਹੈ। ਇਹ ਅਦੁੱਤੀ ਸਿਰੜੀ ਆਦਮੀ ਸੀ, ਬਿਹਾਰ ਦੇ ਇੱਕ ਪਿਛੜੇ ਪਿੰਡ ਗਹਿਲੌਰ ਦੇ ਗਰੀਬ ਪਰਿਵਾਰ ਵਿੱਚ 1934 ਨੂੰ ਜਨਮਿਆਂ ਦਸ਼ਰਥ ਮਾਂਝੀ। ਚੜ੍ਹਦੀ ਉਮਰੇ ਉਹ ਧੰਨਬਾਦ(ਝਾਰਖੰਡ) ਦੀਆਂ ਕੋਲਾ-ਖਾਨਾਂ ਵਿੱਚ ਕੰਮ ਕਰਨ ਲੱਗਾ ਅਤੇ ਉੱਥੇ ਹੀ ਇੱਕ ਫਾਗੂਨੀਆਂ ਨਾਮ ਦੀ ਲੜਕੀ ਨਾਲ ਘਰ ਵਸਾ ਲਿਆ। ਘਰ ਦਾ ਗੁਜ਼ਾਰਾ ਚਲਾਉਣ ਲਈ ਉਹ ਖੇਤਾਂ ਵਿੱਚ ਕੰਮ ਕਰਦਾ ਅਤੇ ਪਹਾੜਾਂ ਤੋਂ ਬਾਲਣ ਇਕੱਠਾ ਕਰ ਲਿਆਉਂਦਾ। ਇਸ ਕੰਮ ਲਈ ਉਸ ਨੂੰ ਹੋਰ ਲੋਕਾਂ ਵਾਂਗ ਇੱਕ ਉੱਚੀ ਪਹਾੜੀ ਨੂੰ ਲੰਘਣਾ ਪੈਂਦਾ ਸੀ।

ਇਕ ਦਿਨ ਜਦੋਂ ਦਸ਼ਰਥ ਦੀ ਪਤਨੀ ਉਸ ਲਈ ਖੇਤਾਂ ਵਿੱਚ ਕੰਮ ਕਰਦਿਆਂ ਰੋਟੀ ਲੈ ਕੇ ਆ ਰਹੀ ਸੀ ਤਾਂ ਉਸ ਦਾ ਪੈਰ ਉੱਚੇ ਪਹਾੜ ਤੋਂ ਫਿਸਲ ਗਿਆ ਅਤੇ ਉਹ ਸਖਤ ਜ਼ਖਮੀ ਹੋ ਗਈ। ਡਾਕਟਰੀ ਇਲਾਜ ਲਈ ਪਹਾੜੀ ਪਾਰ ਕਰਕੇ ਕੱਚੇ ਰਾਸਤੇ ਰਾਹੀਂ ਦੂਰ ਗਯਾ ਜਾਂ ਰਾਜਗੀਰ ਜਾਣਾ ਪੈਣਾ ਸੀ। ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਫਾਗੂਨੀਆਂ ਸੰਸਾਰ ਤੋਂ ਅਲਵਿਦਾ ਹੋ ਗਈ। ਇਹੋ ਜਿਹੀ ਤ੍ਰਾਸਦੀ ਉਸ ਇਲਾਕੇ ਦੇ ਲੋਕਾਂ ਨਾਲ ਆਮ ਹੀ ਵਾਪਰਦੀ ਸੀ। ਦਸ਼ਰਥ ਮਾਂਝੀ ਆਪਣੇ ਦੋ ਬੱਚਿਆਂ ਨਾਲ ਬੇਸਹਾਰਾ ਹੋ ਗਿਆ। ਉਸ ਦੇ ਦਿਲ ਵਿੱਚ ਗਮ ਦਾ ਡੂੰਘਾ ਜ਼ਖਮ ਹੋ ਗਿਆ। ਉਸ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕੁੱਝ ਕਰਨ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ।

ਗਹਿਲੌਰ ਦੇ ਨੇੜੇ ਪਹਾੜੀ ਦੇ ਪਾਰ 9 ਕੁ ਕਿਲੋਮੀਟਰ ਦੂਰ ਇੱਕ ਕਸਬਾ ਸੀ-ਵਜ਼ੀਰਾਬਾਦ। ਇਸ ਰਾਸਤੇ ਵਿੱਚ ਪਹਾੜੀ ਵੱਡੀ ਰੁਕਾਵਟ ਸੀ ਜਿਸ ਦੀ ਚੋਟੀ 'ਤੇ ਚੜ੍ਹ ਕੇ ਉਤਰਨਾ ਪੈਂਦਾ ਸੀ। ਇਹ ਪਹਾੜੀ ਹੀ ਮਾਂਝੀ ਦੇ ਦੁਖਾਂ ਦਾ ਕਾਰਨ ਬਣੀ ਸੀ। ਉਹ ਹਥੌੜਾ, ਛੈਣੀ ਤੇ ਇੱਕ ਛੋਟਾ ਤੇਸਾ ਚੁੱਕ ਕੇ ਪਹਾੜੀ ਦੀ ਛਾਤੀ ਪਾੜਨ ਤੁਰ ਪਿਆ। ਲੋਕ ਮਖੌਲ ਕਰਦੇ ਕਿ ਮਾਂਝੀ ਪਾਗਲ ਹੋ ਗਿਆ। ਉਸ ਨੇ 1960 ਵਿੱਚ ਪਰਬਤ ਨਾਲ ਆਢਾ ਲਾਇਆ, ਨਾ ਦਿਨ ਦੇਖਿਆ ਨਾ ਰਾਤ, ਚੋਲਾਂ ਦੀ ਮੁੱਠੀ ਲੈ ਕੇ ਸਵੇਰੇ ਤੋਂ ਸ਼ਾਮ ਤੱਕ ਖੇਤਾਂ ਵਿੱਚ ਕੰਮ ਕਰਨਾ ਤੇ ਰਾਤ ਨੂੰ ਪਹਾੜ ਵੱਢਣਾ। ਮੀਂਹ, ਹਨੇਰੀ ਤੇ ਬਿਮਾਰੀ ਨੇ ਮਾਂਝੀ ਨੂੰ ਫੌਲਾਦੀ ਬਣਾ ਦਿੱਤਾ। ਲੋਕਾਂ ਨੇ ਬਥੇਰਾ ਸਮਝਾਇਆ ਕਿ ਇਹ ਕੰਮ ਸਰਕਾਰਾਂ ਦੇ ਕਰਨ ਦੇ ਹਨ, ਇਕੱਲੇ-ਦੁਕੱਲੇ ਆਦਮੀ ਦੇ ਵੱਸ ਦਾ ਰੋਗ ਨਹੀਂ। ਪਰ ਉਸ ਦਾ ਨਿਸ਼ਚਾ ਹੋਰ ਪੱਕਾ ਹੁੰਦਾ ਗਿਆ।

ਅੰਤ 22 ਸਾਲ, 1 ਮਹੀਨਾ ਤੇ ਪੰਦਰਾਂ ਦਿਨ ਦੀ ਮੁਸ਼ਕਤ ਤੋਂ ਬਾਅਦ 1982 ਵਿੱਚ ਦਸ਼ਰਥ ਮਾਂਝੀ 32 ਫੁੱਟ ਉੱਚੀ

ਬਾਕੀ ਸਫਾ 38 'ਤੇ



## ਗ਼ਜ਼ਲ

**ਗੁਰਬਖਸ਼ ਸਿੰਘ ਸੈਣੀ**
ਪੰਚਕੂਲਾ

ਮੇਰੇ ਸ਼ਹਿਰ ਦੇ ਰੁੱਖਾਂ ਨੂੰ ਕੀ ਹੋ ਗਿਆ ਏ,
ਜੁਦਾ ਇਸ ਦਾ ਪੱਤਾ ਪੱਤਾ ਹੋ ਗਿਆ ਏ।
ਨਾ ਫੁੱਲਾਂ 'ਚ ਰਹੀ ਉਹ ਮਹਿਕ ਪਹਿਲੀ,
ਫਲ ਵੀ ਇਸ ਦਾ ਬਕ ਬਕਾ ਹੁਣ ਹੋ ਗਿਆ ਏ।
ਛਾਨਣੀ ਹੋਏ ਪੱਤੇ ਤਰਸਣ ਸਾਹਾਂ ਲਈ,
ਪ੍ਰਦੂਸ਼ਣ ਏਨਾ ਹੀ ਹਵਾ 'ਚ ਹੋ ਗਿਆ ਹੈ।
ਹੁਣ ਨਾ ਪੰਛੀ ਇਸ 'ਤੇ ਬਣਾਉਂਦੇ ਆਲ੍ਹਣੇ,
ਸਿੰਮਲ ਇਸ ਦਾ ਹਰ ਰੁੱਖ ਹੀ ਹੋ ਗਿਆ ਏ।
ਨਾ ਤਾਰਿਆਂ ਦੀ ਲੋਅ ਨਾ ਚੰਦ ਦੀ ਰਹੀ ਚਾਨਣੀ,
ਪਾਣੀ ਗੰਧਲਾ ਇਸ ਦੀਆਂ ਨਦੀਆਂ ਦਾ ਹੋ ਗਿਆ ਏ।
ਵਿੱਚ ਨਫਰਤਾਂ ਦੀ ਅੱਗ ਦੇ ਸੜਦਾ ਪਿਆ ਏ ਸ਼ਹਿਰ,
ਪੌਣਾ ਠੰਡੀਆਂ ਦਾ ਆਉਣਾ ਹੀ ਬੰਦ ਹੋ ਗਿਆ ਏ।
ਸੂਰਜ ਛੁਪ ਜਾਂਦਾ ਏ ਡਰ ਕੇ ਬੱਦਲਾਂ 'ਚ ਹੁਣ,
ਸੱਚ ਦੁਪਹਿਰ ਵੇਲੇ ਹੀ ਦਿਸਣਾ ਬੰਦ ਹੋ ਗਿਆ ਏ।
ਗਿਲੇ ਸ਼ਿਕਵੇ ਕਿਸ ਕਿਸ 'ਤੇ ਕਰਾਂ ਮੈਂ ਦੋਸਤੋ,
ਜਦ ਮੇਰਾ ਸਾਇਆ ਹੀ ਮੈਥੋਂ ਜੁਦਾ ਹੋ ਗਿਆ ਏ।
'ਸੈਣੀ' ਕਿਸ ਕਿਸ ਨੂੰ ਖੁਦਾ ਮੰਨੇ ਐ ਦੋਸਤੋ,
ਪੱਤਾ ਪੱਤਾ ਏਥੇ ਤਾਂ ਹੁਣ ਖੁਦ ਖੁਦਾ ਹੋ ਗਿਆ ਏ।

## ਰੁਬਾਈ

ਯਾਰਾਂ ਦੀਆਂ ਖੁਸ਼ੀਆਂ ਦੀ ਖਾਤਰ,
ਅਸੀਂ ਹੰਝੂ ਝੋਲੀ ਪਾ ਚੱਲੇ।
ਨਿੱਤ ਫੂਕ ਫੂਕ ਅਰਮਾਨਾਂ ਨੂੰ,
ਗੈਰਾਂ ਦੇ ਘਰ ਰੁਸ਼ਨਾ ਚੱਲੇ।
ਆਪਣੇ ਹੀ ਲਾਏ ਰੁੱਖ ਦੀਆਂ,
ਸਾਥੋਂ ਮਾਣ ਨਾ ਹੋਈਆਂ ਛਾਵਾਂ ਵੀ।
ਤਕਦੀਰ ਲਿਖ ਲਿਖ ਯਾਰਾਂ ਦੀ,
ਆਪਣੀ ਤਕਦੀਰ ਮਿਟਾ ਚੱਲੇ



## ਆਪਣੀ ਕਾਬਲੀਅਤ ਨੂੰ ਜਗਾਓ

**ਸੰਦੀਪ ਸਿੰਘ ਸੈਣੀ**
ਦੇਸੂ ਮਾਜਰਾ, ਡੇਰਾ ਬਸੀ

ਹਰ ਇੱਕ ਇਨਸਾਨ ਦਾ ਜ਼ਿੰਦਗੀ ਵਿੱਚ ਕੋਈ ਨਾ ਕੋਈ ਸੁਪਨਾ ਹੁੰਦਾ ਹੈ। ਸੁਪਨਾ ਤਦੋਂ ਪੂਰਾ ਹੁੰਦਾ ਹੈ ਜਦੋਂ ਉਹ ਮਿਹਨਤ ਕਰਦਾ ਹੈ। ਹਰ ਇੱਕ ਕੰਮ ਵਿੱਚ ਅਸਫਲਤਾ ਜ਼ਰੂਰ ਮਿਲਦੀ ਹੈ। ਕਦੇ ਵੀ ਨਾ ਘਬਰਾਓ। ਅਸਫਲਤਾ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਜ਼ਿੰਦਗੀ ਵਿੱਚ ਚਾਹੇ ਕੋਈ ਵੀ ਸੁਪਨਾ ਹੋਵੇ ਜਿਵੇਂ ਸਿਵਲ ਅਧਿਕਾਰੀ ਬਣਨਾ, ਪਾਇਲਟ ਬਣਨਾ, ਜਾਂ ਆਰਮੀ 'ਚ ਜਾਣਾ, ਪਹਿਲੀ ਵਾਰ ਬਹੁਤ ਘੱਟ ਮੌਕੇ ਹੁੰਦੇ ਹਨ ਕਿ ਚੋਣ ਹੋ ਜਾਏ। ਜੇ ਚੋਣ ਨਹੀਂ ਹੋਈ ਤਾਂ ਘਬਰਾਉ ਨਹੀਂ, ਗਲਤੀਆਂ ਨੂੰ ਦੇਖੋ ਅਤੇ ਦੁਬਾਰਾ ਤਿਆਰੀ ਕਰੋ। ਗਲਤੀਆਂ ਨਾ ਦੁਹਰਾਉ, ਪਰ ਜ਼ਿੰਦਗੀ ਵਿੱਚ ਹੌਸਲਾ ਨਾ ਛੱਡੋ। ਦਰਖਤਾਂ ਤੋਂ ਸਿੱਖੋ। ਪਤਝੜ ਵਿੱਚ ਪੱਤੇ ਝੜ ਜਾਂਦੇ ਹਨ ਤੇ ਰੁੱਖ ਨਵੇਂ ਪੱਤੇ ਆਉਣ ਦੀ ਆਸ ਰੱਖਦੇ ਹਨ ਤਾਂ ਜੋ ਉਹ ਕਿਸੇ ਨੂੰ ਛਾਂ ਦੇ ਸਕਣ। ਅਜਿਹੀਆਂ ਹੋਰ ਵੀ ਉਦਾਹਰਣਾਂ ਹਨ ਜਿਵੇਂ- ਅਬਰਾਹਮ ਲਿੰਕਨ, ਐਡੀਸਨ ਜਿਨ੍ਹਾਂ ਨੇ ਗਰੀਬੀ ਦਾ ਸਾਹਮਣਾ ਕਰ ਕੇ ਸਫਲਤਾ ਪ੍ਰਾਪਤ ਕੀਤੀ ਤੇ ਦੁਨੀਆਂ ਵਿੱਚ ਆਪਣਾ ਨਾਮ ਕਮਾਇਆ। ਲੋਕਾਂ ਦੀ ਪ੍ਰਵਾਹ ਨਾ ਕਰੋ। ਉਨ੍ਹਾਂ ਨੂੰ ਆਪਣਾ ਕੰਮ ਕਰਨ ਦਿਉ। ਤੁਸੀਂ ਆਪਣੀ ਮਿਹਨਤ ਕਰਦੇ ਰਹੋ। ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਪੜ੍ਹੋ ਕਿ ਕਿਵੇਂ ਉਨ੍ਹਾਂ ਨੇ ਅਸਫਲ ਤੋਂ ਬਾਅਦ ਸਫਲਤਾ ਹਾਸਲ ਕੀਤੀ। ਦੁੱਖ-ਸੁੱਖ ਤਾਂ ਆਉਂਦੇ ਰਹਿੰਦੇ ਹਨ। ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਰਹੋ। ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਕਦੇ ਵੀ ਮਾਨਸਿਕ ਪੀੜਾ ਦਾ ਸ਼ਿਕਾਰ ਨਾ ਹੋਵੋ। ਹਮੇਸ਼ਾਂ ਪਰਮਾਤਮਾ ਦਾ ਸ਼ੁਕਰ ਕਰੋ। ਜਿੱਥੇ ਹੋ ਸਕੇ ਜਾਂ ਮੌਕਾ ਮਿਲੇ, ਆਪਣੇ ਗੁਣਾਂ ਨੂੰ ਦੂਜਿਆਂ ਸਾਹਮਣੇ ਰੱਖੋ। ਆਪਣੀ ਕਾਬਲੀਅਤ ਨੂੰ ਪੇਸ਼ ਕਰੋ। ਜੋ ਲੋਕ ਸਮੁੰਦਰਾਂ ਵਿੱਚੋਂ ਹੀਰੇ-ਮੋਤੀ ਚੁਣਦੇ ਹਨ, ਉਹ ਸਫਲਤਾ ਨੂੰ ਇੱਕ ਨਾ ਇੱਕ ਦਿਨ ਪ੍ਰਾਪਤ ਕਰਦੇ ਹਨ।

### ਬੇਨਤੀ

- **ਸੈਣੀ ਭਵਨ ਦੇ ਆਜੀਵਨ ਮੈਂਬਰ ਬਣੋ – ਫੀਸ 2500 ਰੁ:**
- **ਸੈਣੀ ਸੰਸਾਰ ਮੈਗਜ਼ੀਨ ਦੇ ਮੈਂਬਰ ਬਣੋ –
ਸਾਲਾਨਾ ਚੰਦਾ – 100 ਰੁ: ਪੰਜ ਸਾਲਾ ਚੰਦਾ – 500 ਰੁ:**
- **ਸੈਣੀ ਸੰਸਾਰ ਮੈਗਜ਼ੀਨ ਲਈ ਮੈਟਰੀਮੋਨੀਅਲ ਭੇਜੋ।**
- **ਸੈਣੀ ਸੰਸਾਰ ਮੈਗਜ਼ੀਨ ਲਈ ਰਚਨਾਵਾਂ ਭੇਜੋ**



## Prize Winner Lecture

**Kavita**
Shiwalik Public School, Rupnagar

Annual Declamation Contest for the students was held in Saini Bhawan Rupnagar on 31.10.2019. The lecture delivered by Kavita, the student of Shivalik School Rupnagar, who stood First in Senior Group is reproduced below-

Subject- **Drawbacks of electoral system and suggestions for its improvements**

Democracy is not just the right to vote. It is the right to live in dignity. Voting is the most precious right of every citizen and we have a moral obligation to ensure the integrity of our voting process. We are privileged to be the citizen of a country which is the largest democracy in the world by population. It is a quite obvious that in such a large democracy, elections are no less than a festival. The election season stirs up the entire country with an atmosphere of enthusiasm. People sit together, discuss issues and there are renewed hopes, aspirations and excitement among them.

Although the elections in India are free and fair, yet it is full of flaws. It causes the wise to laugh how people are fooled by the system. Nobody gets plus 50 percent of votes to have a clear verdict. If a candidate is elected with 35 percent of votes, it clearly means that 65 percent of votes are against him. He doesn't have the majority but declared by officials as elected by people. NOTA (none of the above) which was earlier considered a powerful weapon has now been merely reduced to a way of expressing our displeasure which eventually leads to the wastage of our votes. The only thing that happens in India punctually is conducting elections. Disloyal representatives keep on switching parties. They run after those who come in power. They just jump like rats from one side to another when a ship starts sinking. Remember "History will not be written by such opportunists but by those who stuck by their ideologies despite facing hardships.

Before elections, the candidates make a lot of promises but they never fulfill them . They just play with the emotions of people. Another very serious issue is EVM manipulation. As we are expecting free and fair elections but due to the tampering with EVM;s we are the ones, who are the victims to this problem . Money matters a lot in the election. Yeah, money is required to bribe us for votes. Money is required for muscle power. Is this what we are voting for? Will these people drive our country who are bribing us today?

A lot of reforms are required in the present election system. NOTA should be brought into power. Misuse of official machinery should be checked strictly. Educate people around you about the ills of not voting and voting after taking money and you shouldn't thrust your ideology into them, rather only the fact. Other things should be given priority than caste or religion. "Be wise, be intellectual voter, not emotional voters."

Manifesto should be legalized so that if a candidate is elected then after his ruling period, he will be answerable to the government that why he was not able to implement his party agenda. Anti defection law was passed to curb switching of parties by opportunists. To minimize the role of money, provisions should be made for state funding of elections. I believe a lot of our public money would go waste if educated people will not vote in elections. "Remember my dear, bad officials are chosen by those good citizens who don't vote".

Nothing in this world was achieved in the first time. Continuous and sincere efforts are

Continue to Page 38..

ਪੰਜਾਬੀਆਂ ਵਸਾਇਆ

# ਨਵਾਂ ਪੰਜਾਬ



**ਗੁਰਮੁਖ ਸਿੰਘ ਲੌਂਗੀਆਂ**
ਰੂਪਨਗਰ

ਪੰਜਾਬੀਆਂ ਦਾ 'ਪੰਜ ਪਾਣੀਆਂ ਵਾਲੇ ਪੰਜਾਬ' ਤੋਂ ਦਿਲ ਉਚਾਟ ਹੋ ਗਿਆ ਹੈ। ਇੱਥੇ ਉਨ੍ਹਾਂ ਦੀ ਮਿਹਨਤ ਤੇ ਲਿਆਕਤ ਦਾ ਪੂਰਾ ਮੁੱਲ ਨਹੀਂ ਪੈ ਰਿਹਾ। ਇਸ ਲਈ ਵਿਦੇਸ਼ਾਂ ਵੱਲ ਉਡਾਰੀ ਮਾਰਨ ਲਈ ਉਤਾਵਲੇ ਹਨ। ਹੁਣ ਉਹ ਕੈਨੇਡਾ ਤੇ ਇੰਗਲੈਂਡ ਵਿੱਚ ਨਵਾਂ ਪੰਜਾਬ ਬਣਾਉਣ ਦੀ ਤਿਆਰੀ ਕਰ ਰਹੇ ਹਨ। ਪਹਿਲਾਂ ਤਾਂ ਪੰਜਾਬੀ ਇੱਥੇ ਕੇਵਲ ਪੈਸਾ ਕਮਾਉਣ ਹੀ ਆਉਂਦੇ ਸਨ ਪਰ ਹੁਣ ਪੱਕੇ ਡੇਰੇ ਹੀ ਲਾ ਲਏ ਹਨ।

ਕੈਨੇਡਾ ਵਿੱਚ ਜਿੱਥੇ ਪੰਜਾਬੀਆਂ ਨੇ ਆਪਣੀ ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਨੂੰ ਪੂਰਾ ਮਾਣ ਸਤਿਕਾਰ ਦਿਵਾਇਆ ਹੈ ਉੱਥੇ ਰਾਜਨੀਤਿਕ ਖੇਤਰ ਵਿੱਚ ਵੀ ਪੈਰ ਪਸਾਰਨੇ ਆਰੰਭ ਦਿੱਤੇ ਹਨ। ਇੱਥੇ ਅਕਤੂਬਰ, 2019 ਦੀਆਂ ਸੰਸਦੀ ਚੋਣਾਂ ਵਿੱਚ ਪੰਜਾਬੀਆਂ ਨੇ ਕੁੱਲ 338 ਵਿੱਚੋਂ 18 ਸੰਸਦੀ ਸੀਟਾਂ ਜਿੱਤ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ ਹੈ। ਵੱਡੀ ਗੱਲ ਇਹ ਕਿ ਇੱਥੋਂ ਦੀ ਐਨ.ਡੀ.ਪੀ. ਪਾਰਟੀ ਦੇ ਪ੍ਰਧਾਨ ਪੂਰਨ ਸਿੱਖ **ਜਗਮੀਤ ਸਿੰਘ** (ਪੜਪੋਤਾ ਸ. ਸੇਵਾ ਸਿੰਘ ਠੀਕਰੀਵਾਲਾ) ਨੇ ਆਪਣੀ ਪਾਰਟੀ ਲਈ 24 ਸੀਟਾਂ ਜਿੱਤੀਆਂ ਹਨ।

ਜੇਤੂ ਪੰਜਾਬੀਆਂ ਵਿੱਚ ਬਰੈਂਪਟਨ (ਈਸਟ) ਤੋਂ ਜਲੰਧਰ ਜ਼ਿਲ੍ਹੇ ਦੇ ਪਿੰਡ ਮਲਸੀਆਂ ਦੇ **ਮਨਿੰਦਰ ਸਿੰਘ ਸਿੱਧੂ**, ਬਰੈਂਪਟਨ (ਨਾਰਥ) ਤੋਂ ਹੁਸ਼ਿਆਰਪੁਰ ਸ਼ਹਿਰ ਦੇ ਵਿਜੇਨਗਰ ਦੀ **ਸ਼੍ਰੀਮਤੀ ਰੂਬੀ ਸਿੰਘ ਸਹੋਤਾ**, ਬਰੈਂਪਟਨ(ਵੈਸਟ) ਤੋਂ **ਕਮਲਪ੍ਰੀਤ(ਕਮਲ) ਖਹਿਰਾ**, ਬਰੈਂਪਟਨ (ਸੈਂਟਰ) ਤੋਂ ਜਲੰਧਰ ਨੇੜਲੇ ਪਿੰਡ ਲੇਸੜੀ ਦੇ **ਰਮੇਸ਼ਵਰ ਸਿੰਘ ਸੰਘਾ**, ਬਰੈਂਪਟਨ(ਦੱਖਣੀ) ਤੋਂ **ਸਤਿੰਦਰਪਾਲ(ਸੋਨੀਆਂ) ਸਿੱਧੂ**, ਮਿਸੀਸਾਗਾ ਸਟਰੀਟਵਿਲ ਤੋਂ **ਗੁਗਨ ਸਿਕੰਧ**, ਸਰੀ ਨਿਊਟਨ ਤੋਂ **ਸੁੱਖਮਿੰਦਰ ਸਿੰਘ ਧਾਲੀਵਾਲ,** ਸਰੀ ਸੈਂਟਰਲ ਤੋਂ **ਰਨਦੀਪ ਸਿੰਘ ਸਰਾਏ**, ਕਿਊਬਿਕ ਡੋਰਵਿਲ ਤੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਗੜ੍ਹਦੀਵਾਲਾ ਦੇ ਨੇੜਲੇ ਪਿੰਡ ਦਾਰਾਪੁਰ ਧਰਮਕੋਟ ਦੀ **ਅੰਜੂ ਢਿੱਲੋਂ**, ਮਾਰਖਮ ਤੋਂ **ਬੌਬ ਸਰੋਆ**, ਐਡਮਿੰਟਨ ਮਿਲ ਵੂੱਡਜ਼ ਤੋਂ **ਟਿਮ ਸਿੰਘ ਉੱਪਲ**, ਕੈਲਗਿਰੀ ਸਕਾਈਵਿਊ ਤੋਂ **ਜਗਦੀਪ ਕੌਰ ਸਹੋਤਾ**, ਕੈਲਗਿਰੀ ਫੋਰੈਸਟ ਲਾਅਨ ਤੋਂ **ਜਸਰਾਜ ਸਿੰਘ ਹਾਲਾ**, ਅਤੇ ਕਿਚਨਰ ਸੈਂਟਰ ਤੋਂ **ਰਾਜ ਸੈਣੀ ਸ਼ਾਮਿਲ ਹਨ।**

**ਮੰਤਰੀ ਪੰਜਾਬੀ**-ਚਾਰ ਜੇਤੂ ਪੰਜਾਬੀਆਂ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਸਰਕਾਰ ਵਿੱਚ ਸ਼ਾਮਿਲ ਕਰ ਕੇ ਪੰਜਾਬੀਆਂ ਨੂੰ ਬਣਦਾ ਮਾਣ ਦਿੱਤਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੰਬੇਲੀ ਦੇ ਜਮਪਲ **ਸ. ਹਰਜੀਤ ਸਿੰਘ ਸੱਜਣ** (ਸਾ. ਰੱਖਿਆ ਮੰਤਰੀ) ਵੈਨਕੂਵਰ ਸਾਊਥ ਤੋਂ ਜਿੱਤ ਹਾਸਲ ਕਰ ਕੇ ਕੈਨੇਡਾ ਦੇ ਰੱਖਿਆ ਮੰਤਰੀ ਬਣੇ ਹਨ। ਮਿਸੀਗੁਆ ਮਾਲਟਨ ਤੋਂ ਹੁਸ਼ਿਆਰਪੁਰ ਦੇ ਪਿੰਡ ਲਹਿਲੀ ਕਲਾਂ ਦੇ **ਨਵਦੀਪ ਸਿੰਘ ਬੈਂਸ** ਜਿੱਤ ਪ੍ਰਾਪਤ ਕਰ ਕੇ ਸਾਇੰਸ ਇਨੋਵੇਸ਼ਨ ਤੇ ਸਨਅਤ ਮੰਤਰੀ ਬਣੇ ਹਨ। ਓਂਟਾਰੀਓ ਵਾਟਰਲੂ ਦੀ ਜੇਤੂ, ਪੰਜਾਬੀ ਸਿੱਖ ਸ. ਗੁਰਵਿੰਦਰ ਸਿੰਘ ਗੋਗੀ ਦੀ ਧੀ **ਬਰਦੀਸ਼ ਚੱਗੜ** ਕੈਨੇਡਾ ਦੀ ਪਹਿਲੀ ਔਰਤ ਸਮਾਲ ਬਿਜ਼ਨਸ ਤੇ ਟੂਰਿਜ਼ਮ ਮੰਤਰੀ ਬਣੇ ਹਨ ਅਤੇ ਉਕਵਿਲ ਤੋਂ ਅਮ੍ਰਿਤਸਰ ਜ਼ਿਲ੍ਹੇ ਦੇ ਪਛੋਕੜ ਵਾਲੀ **ਅਨੀਤਾ ਇੰਦਰਾ ਆਨੰਦ** ਨੇ ਜਿੱਤ ਹਾਸਲ ਕਰਕੇ ਕੈਨੇਡਾ ਸਰਕਾਰ ਵਿੱਚ ਪਬਲਿਕ ਸਰਵਿਸ ਤੇ ਪ੍ਰੋਕਿਊਰਮੈਂਟ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ ਹੈ।

ਵਰਣਨਯੋਗ ਹੈ ਕਿ ਕੈਨੇਡਾ ਅਤੇ ਭਾਰਤ ਦੋਵੇਂ ਦੇਸ਼ਾਂ ਵਿੱਚ ਸਿੱਖਾਂ ਆਬਾਦੀ ਦੀ ਪ੍ਰਤਿਸ਼ਤ ਬਰਾਬਰ ਭਾਵ, 2%-2% ਹੈ। ਭਾਰਤ ਨੂੰ ਸਿੱਖਾਂ ਦੀ ਜਨਮ-ਭੂਮੀ ਹੋਣ ਦਾ ਮਾਣ ਵੀ ਹਾਸਲ ਹੈ। ਇਸ ਦੇ ਬਾਵਜੂਦ ਕੈਨੇਡਾ ਵਿੱਚ 18 ਅਤੇ ਭਾਰਤ ਵਿੱਚ 13 ਸਿੱਖ ਲੋਕ ਸਭਾ ਮੈਂਬਰ ਹਨ, ਉਹ ਵੀ ਕੇਵਲ ਪੰਜਾਬ ਵਿੱਚ ਹੀ। ਇਹ ਹੀ ਕਾਰਨ ਹੈ ਕਿ ਪੰਜਾਬੀਆਂ ਨੇ ਇੱਕੋ ਸਮੇਂ ਹੋਈਆਂ ਭਾਰਤੀ ਦੀਆਂ ਸੂਬਾਈ ਚੋਣਾਂ ਨਾਲੋਂ ਕੈਨੇਡਾ ਦੀਆਂ ਸੰਸਦੀ ਚੋਣਾਂ ਵਿੱਚ ਵੱਧ ਦਿਲਚਸਪੀ ਦਿਖਾਈ। ਪੰਜਾਬੀਆਂ ਨੂੰ ਤਾਂ ਇਹ ਵੀ ਉਮੀਦ ਹੈ ਕਿ ਕਿਸੇ ਦਿਨ ਪੰਜਾਬੀ ਸਿੱਖ ਜਗਮੀਤ ਸਿੰਘ ਕੈਨੇਡਾ ਦੇ ਪ੍ਰਧਾਨ ਮੰਤਰੀ ਹੋਣਗੇ। ਵਧੋ-ਫੁੱਲੋ ਪੰਜਾਬੀਓ।

**ਸੈਣੀ ਮੈਂਬਰ-** ਸੈਣੀ ਬਰਾਦਰੀ ਲਈ ਬਣੇ ਮਾਣ ਦੀ ਗੱਲ ਹੈ ਕਿ ਕੈਨੇਡਾ ਵਿੱਚ ਜੇਤੂ ਪੰਜਾਬੀ ਪਾਰਲੀਮੈਂਟ ਮੈਂਬਰਾਂ ਵਿੱਚ ਦੋ ਸੈਣੀ ਸ਼ਾਮਿਲ ਹਨ। ਇੱਕ ਹਨ ਹਿਮਾਚਲ ਪ੍ਰਦੇਸ਼ (ਅਣਵੰਡੇ ਪੰਜਾਬ) ਦੇ ਛੋਟੇ ਜਿਹੇ ਪਿੰਡ, ਭਿਉਰਾ ਦੇ ਜੰਮਪਲ **ਸ਼੍ਰੀ ਰਾਜ ਸੈਣੀ** ਅਤੇ ਦੂਜੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੰਬੇਲੀ (ਨੇੜੇ ਮਾਹਿਲਪੁਰ) ਦੇ **ਸ. ਹਰਜੀਤ ਸਿੰਘ ਸੱਜਣ।**

**ਬਰਤਾਨੀਆਂ** ਦੀਆਂ ਸੰਸਦੀ ਚੋਣਾਂ ਵਿੱਚ ਵੀ ਪੰਜਾਬੀਆਂ ਨੇ ਮੱਲਾਂ ਮਾਰੀਆਂ ਹਨ। 650 ਮੈਂਬਰੀ ਬ੍ਰਿਟਿਸ਼ ਸੰਸਦ( ਹਾਊਸ ਆਫ ਕਾਮਨਜ਼) ਵਿੱਚ ਪੰਜ ਪੰਜਾਬੀ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਰਾਏਪੁਰ ਦਾ ਪਹਿਲਾ ਪਗੜੀਧਾਰੀ ਸਿੱਖ ਸ. ਤਰਨਜੀਤ ਸਿੰਘ ਢੇਸੀ, ਇਸੇ ਜ਼ਿਲ੍ਹੇ ਦੇ ਪਿੰਡ ਜਮਸ਼ੇਰ ਖੇੜਾ ਦੀ ਪਹਿਲੀ ਸਿੱਖ ਔਰਤ ਪ੍ਰੀਤ ਗਿੱਲ, ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਮੰਢਾਲੀ ਦੇ ਵਰਿੰਦਰ ਸ਼ਰਮਾ, ਸੀਮਾ ਮਲਹੋਤਰਾ ਅਤੇ ਗਗਨ ਮੋਹਿੰਦਰਾ ਨੇ ਸੰਸਦ ਮੈਂਬਰ ਬਣਨ ਦਾ ਮਾਣ ਹਾਸਲ ਕੀਤਾ ਹੈ।

ਵਧੋ-ਫੁੱਲੋ ਪੰਜਾਬੀਓ। ਨਵਾਂ ਪੰਜਾਬ ਤੁਹਾਨੂੰ ਮੁਬਾਰਕ

❊ ❊ ❊ ❊ ❊



# ਜਦੋਂ ਹਿਊਸਟਨ ਰੋ ਪਿਆ

**ਰਜਿੰਦਰ ਸਿੰਘ**
ਸੈਣੀ ਭਵਨ ਰੂਪਨਗਰ

ਕਿਸੇ ਦੇਸ਼ ਅਤੇ ਕੌਮ ਦੀ ਮਹਾਨਤਾ ਉਸ ਵਲੋਂ ਆਪਣੇ ਬਹਾਦੁਰ ਸ਼ਹੀਦਾਂ ਨੂੰ ਦਿੱਤੇ ਸਨਮਾਨ ਦੇ ਢੰਗ 'ਚੋਂ ਪ੍ਰਗਟ ਹੁੰਦੀ ਹੈ।

ਇਹ ਵਿਸ਼ਵ ਦੇ ਸਰਵੋਤਮ ਦੇਸ਼ ਅਮਰੀਕਾ ਨੇ ਸਾਰੀ ਦੁਨੀਆਂ ਨੂੰ ਦਿਖਾ ਦਿੱਤਾ ਹੈ। ਇਸ ਤੋਂ ਭਾਰਤ ਵਰਗੇ ਦੇਸ਼ਾਂ ਨੂੰ ਸਬਕ ਲੈਣਾ ਚਾਹੀਦਾ ਹੈ ਜੋ ਅਜਿਹੇ ਸਨਮਾਨ ਕੇਵਲ ਰਾਜਨੀਤਿਕ ਆਗੂਆਂ ਨੂੰ ਹੀ ਦਿੰਦੇ ਹਨ। ਅਮਰੀਕਾ ਦੇਸ਼ ਦੇ ਟੈਕਸਾਸ ਸੂਬੇ ਦੇ ਹਿਊਸਟਨ ਸ਼ਹਿਰ ਵਿੱਚ ਇੱਕ ਸਮਾਜ-ਵਿਰੋਧੀ ਹਤਿਆਰੇ ਦੀ ਗੋਲੀ ਨਾਲ ਸ਼ਹੀਦ ਹੋਏ ਪੂਰਨ ਗੁਰਸਿੱਖ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਵਿਛੋੜੇ 'ਤੇ ਸਾਰਾ ਸੂਬਾ ਅਤੇ ਸ਼ਹਿਰ ਰੋ ਪਿਆ।

ਟੈਕਸਸ ਦੇ ਗਵਰਨਰ ਗਰੇਗ ਐਬਟ ਨੇ ਸੰਦੀਪ ਦੀ ਮੌਤ ਨੂੰ ਵੱਡਾ ਨੁਕਸਾਨ ਕਰਾਰ ਦਿੱਤਾ। ਲੈਫਟੀਨੈਂਟ ਗਵਰਨਰ ਡੈਨ ਪੈਟਰਿਕ ਨੇ ਕਿਹਾ ਕਿ ਸੰਦੀਪ ਨੇ ਅਪਣੇ ਥੋੜ੍ਹੇ ਜਿਹੇ ਜੀਵਨ ਵਿੱਚ ਇੰਨਾਂ ਕੁੱਝ ਕਰ ਦਿਖਾਇਆ ਜਿੰਨਾਂ ਲੋਕ 100 ਸਾਲਾਂ ਵਿੱਚ ਵੀ ਨਹੀਂ ਕਰ ਸਕਦੇ। ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਨੇ ਸੰਦੀਪ ਨੂੰ ਸਿੱਖਾਂ ਦਾ ਨੁਮਾਇੰਦਾ ਕਿਹਾ। ਸੈਨੇਟਰ ਟੈਂਡ ਕਰੂਜ਼ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਦੇਸ਼ ਧਾਲੀਵਾਲ ਵਲੋਂ ਨਿਭਾਈਆਂ ਸੇਵਾਵਾਂ ਤੇ ਉਸ ਦੀ ਕੁਰਬਾਨੀ ਲਈ ਹਮੇਸ਼ਾਂ ਅਹਿਸਾਨਮੰਦ ਰਹੇਗਾ। ਪੁਲਿਸ ਕਮਿਸ਼ਨਰ ਐਡਰਸਨ ਗਾਰਸੀਆ ਨੇ ਲੋਕਾਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਸੰਦੀਪ ਨੂੰ ਇੱਕ ਰਾਜੇ ਵਾਂਗ ਵਿਦਾਇਗੀ ਦੇਣੀ ਬਣਦੀ ਹੈ। ਸੰਦੀਪ ਸਿੰਘ ਦੀ ਅਰਥੀ ਨੂੰ ਹੈਲੀਕਾਪਟਰਾਂ ਅਤੇ ਉਨ੍ਹਾਂ ਦੇ ਸਾਥੀ ਪੁਲਿਸ ਅਧਿਕਾਰੀਆਂ ਨੇ 21 ਬੰਦੂਕਾਂ ਦੀ ਸਲਾਮੀ ਦਿੱਤੀ। ਉਸ ਦੇ ਮਿਰਤਕ ਸਰੀਰ ਨੂੰ ਅਮਰੀਕੀ ਝੰਡੇ ਵਿੱਚ ਲਪੇਟਿਆ ਗਿਆ ਜੋ ਸਸਕਾਰ ਸਮੇਂ ਹੈਰਿਸ ਕਾਊਂਟੀ ਸ਼ੈਰਿਫ ਦੇ ਮੈਂਬਰਾਂ ਨੇ ਉਤਾਰ ਕੇ ਧਾਰੀਵਾਲ ਦੀ ਪਤਨੀ ਨੂੰ ਸੌਂਪ ਦਿੱਤਾ। ਪੁਲਿਸ ਅਧਿਕਾਰੀਆਂ, ਸਿੱਖਾਂ ਭਾਰਤੀ ਮੂਲ ਦੇ ਅਮਰੀਕੀਆਂ ਅਤੇ ਹਿਊਸਟਨ ਇਲਾਕੇ ਦੇ ਲੋਕਾਂ ਸਮੇਤ ਹਜ਼ਾਰਾਂ ਲੋਕਾਂ ਨੇ ਸੰਦੀਪ ਧਾਲੀਵਾਲ ਨੂੰ ਹੰਝੂਆਂਭਰੀ ਵਿਦਾਇਗੀ ਦਿੱਤੀ।

ਸੰਦੀਪ ਸਿੰਘ ਧਾਲੀਵਾਲ ਹੈਰਿਸ ਕਾਊਂਟੀ ਦੇ ਪਹਿਲੇ ਸਿੱਖ ਡਿਪਟੀ ਸ਼ੈਰਿਫ ਸਨ ਅਤੇ ਉਹ 10 ਸਾਲ ਪਹਿਲਾਂ ਪੁਲਿਸ ਵਿਭਾਗ ਵਿੱਚ ਭਰਤੀ ਹੋਏ ਸਨ। ਉਹ ਟੈਕਸਾਸ ਦੇ ਅਜਿਹੇ ਪਹਿਲੇ ਪੁਲਿਸ ਅਧਿਕਾਰੀ ਸਨ ਜਿਨ੍ਹਾਂ ਨੂੰ ਕੰਮ ਦੌਰਾਨ ਸਿੱਖ ਧਰਮ ਦੀ ਰਵਾਇਤ ਮੁਤਾਬਕ ਦਾੜ੍ਹੀ ਅਤੇ ਦਸਤਾਰ ਸਜਾਉਣ ਦੀ ਇਜ਼ਾਜ਼ਤ ਮਿਲੀ ਹੋਈ ਸੀ। ਇਹ ਛੋਟ ਲੈਣ ਲਈ ਉਸ ਨੇ ਪੰਜ ਸਾਲ ਕਾਨੂੰਨੀ ਲੜਾਈ ਲੜੀ ਸੀ। ਅਮਰੀਕੀ ਪੁਲਿਸ ਅਧਿਕਾਰੀ ਉਸ ਦੀ ਇਮਾਨਦਾਰੀ ਤੇ ਕੰਮ ਪ੍ਰਤਿ ਲਗਨ ਦੀਆਂ ਤਾਰੀਫਾਂ ਕਰਦੇ ਸਨ। ਉਹ ਸਿੱਖ ਧਰਮ ਨੂੰ ਸਮਰਪਿਤ ਪਿਆਰ ਤੇ ਇਮਾਨਦਾਰੀ ਨਾਲ ਸੇਵਾ ਨਿਭਾਉਣ ਲਈ ਜਾਣਿਆਂ ਜਾਂਦਾ ਸੀ। ਦੋਸਤ ਉਸ ਨੂੰ ਹੀਰਾ ਆਦਮੀ ਆਖਦੇ ਸਨ।



ਸੰਦੀਪ ਸਿੰਘ ਧਾਲੀਵਾਲ ਦਾ ਜਨਮ 1977 ਵਿੱਚ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਧਾਲੀਵਾਲ ਬੇਟ ਨੇੜੇ ਢਿਲਵਾਂ ਵਿਖੇ ਸ. ਪਿਆਰਾ ਸਿੰਘ ਦੇ ਘਰ ਹੋਇਆ। ਉਹ ਪੜ੍ਹਾਈ ਪੂਰੀ ਕਰਨ ਉਪਰੰਤ 1995 ਵਿੱਚ ਆਪਣੇ ਪਿਤਾ ਕੋਲ ਅਮਰੀਕਾ ਚਲੇ ਗਿਆ। ਇਸ ਸਮੇਂ ਉਹ ਆਪਣੀ ਪਤਨੀ ਰਛਪਾਲ ਕੌਰ ਤੇ ਤਿੰਨ ਬੱਚਿਆਂ ਸਮੇਤ ਹਿਊਸਟਨ ਸ਼ਹਿਰ ਵਿੱਚ ਰਹਿ ਰਿਹਾ ਸੀ। ਉਹ ਆਪਣੀ ਮਿੱਟੀ ਨਾਲ ਜੁੜਿਆ ਹੋਇਆ ਸੀ ਜਿਸ ਕਾਰਨ ਅਕਸਰ ਪਿੰਡ ਦਾ ਗੇੜਾ ਮਾਰਦਾ ਰਹਿੰਦਾ ਸੀ।

28 ਸਤੰਬਰ, 2019 ਦੇ ਮਨਹੂਸ ਦਿਨ ਜਦੋਂ ਸੰਦੀਪ ਸਿੰਘ ਨੇ ਆਪਣੀ ਡਿਊਟੀ ਨਿਭਾਉਂਦਿਆਂ ਇੱਕ ਕਾਰ ਨੂੰ ਹੱਥ ਦੇ ਕੇ ਰੋਕਿਆ ਤਾਂ ਹਮਲਾਵਰ ਨੇ ਉਸ ਦੇ ਸਿਰ ਵਿੱਚ ਗੋਲੀਆਂ ਮਾਰ ਦਿੱਤੀਆਂ। ਉਸ ਨੂੰ ਤੁਰੰਤ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਸ ਨੇ ਦਮ ਤੋੜ ਦਿੱਤਾ। ਇਵੇਂ ਇੱਕ ਬਹਾਦੁਰ ਯੋਧੇ ਦਾ ਅੰਤ ਹੋ



# ਗ਼ਜ਼ਲ

ਕੁਲਵਿੰਦਰ ਖੈਰਾਬਾਦੀ
ਫੋਨ-9815808422

ਜੰਗਲ, ਪੇੜ-ਪੌਦੇ, ਪੰਛੀ ਤਾਹੀਓਂ ਘਬਰਾ ਰਹੇ ਨੇ,
ਕੰਕਰੀਟ ਦੇ ਸ਼ਹਿਰ ਜੋ ਨੇੜੇ ਆ ਰਹੇ ਨੇ।
ਸੰਗੀਤ ਦੇ ਨਾਂ 'ਤੇ ਸ਼ੋਰ ਸ਼ਰਾਬਾ ਵਾਧੂ ਦਾ,
ਕਿੱਧਰ ਤੋਂ ਕਿੱਧਰ ਨੂੰ ਲੋਕੀਂ ਜਾ ਰਹੇ ਨੇ।
ਆਰਟੀਫੀਸ਼ਲ ਆਲ੍ਹਣੇ ਟੰਗਦੇ ਪੇੜਾਂ 'ਤੇ,
ਕਿਹੋ ਕਿਹੋ ਜਿਹੇ ਲੋਕੀਂ ਢੋਂਗ ਰਚਾ ਰਹੇ ਨੇ।
ਕੱਚਾ ਨਾ ਛੱਡਿਆ ਘਰ ਦਾ ਇੱਕ ਵੀ ਖੂੰਜਾ,
ਮੱਲੋਮੱਲੀ ਚਿੜੀਆਂ ਨੂੰ ਬੁਲਾ ਰਹੇ ਨੇ।
ਜੰਗਲਾਂ ਵਲ ਤੋਂ ਹੌਲੀ ਹੌਲੀ ਪਰਤੇ ਸੀ,
ਫਿਰ ਤੋਂ ਲੋਕੀਂ ਉੱਧਰ ਨੂੰ ਹੀ ਜਾ ਰਹੇ ਨੇ।
ਭੋਲੀ ਜਨਤਾ ਅੱਡੀਆਂ ਚੁੱਕ ਚੁੱਕ ਵੇਖ ਰਹੀ,
ਆ ਰਹੇ ਬਸ 'ਅੱਛੇ ਦਿਨ' ਹੁਣ ਆ ਰਹੇ ਨੇ।

## ਨੇਤਾਵਾਂ ਲਈ ਅਸੁਰੱਖਿਅਤ ਪੰਜਾਬ ?

ਪੰਜਾਬ ਵਿੱਚੋਂ ਅਤਿਵਾਦ ਦੋ ਦਹਾਕੇ ਪਹਿਲਾਂ ਖਤਮ ਹੋ ਗਿਆ ਸੀ। ਪਿਛਲੇ ਕੁੱਝ ਸਾਲਾਂ ਦੌਰਾਨ ਕੋਈ ਵੀ ਅਜਿਹੀ ਘਟਨਾ ਨਹੀਂ ਵਾਪਰੀ ਜਿਸ ਤੋਂ ਨੇਤਾਵਾਂ ਅਤੇ ਮਹੱਤਵਪੂਰਨ ਵਿਅਕਤੀਆਂ ਦੀ ਜਾਨ ਨੂੰ ਕੋਈ ਖਤਰਾ ਭਾਸਦਾ ਹੋਵੇ। ਇੱਕਾ-ਦੁਕਾ ਕਤਲ ਵੀ ਰਾਜਨੀਤਿਕ ਨੇਤਾਵਾਂ ਦੀ ਆਪਸੀ ਖਹਿਬਾਜ਼ੀ ਦਾ ਨਤੀਜਾ ਹਨ। ਸਮੁੱਚੇ ਤੌਰ 'ਤੇ ਇਸ ਸਮੇਂ ਪੰਜਾਬ ਦੇਸ਼ ਭਰ ਸਭ ਤੋਂ ਵੱਧ ਸ਼ਾਂਤ ਸੂਬਾ ਹੈ। ਫਿਰ ਪਤਾ ਨਹੀਂ ਇੱਥੋਂ ਦੇ ਨੇਤਾਵਾਂ ਅਤੇ ਉੱਚ ਅਫਸਰਾਂ ਨੂੰ ਕਿਸ ਤੋਂ ਖਤਰਾ ਹੈ? ਬਿਊਰੋ ਆਫ ਪੁਲਿਸ ਰਿਸਰਚ ਐਂਡ ਡਵੈਲਪਮੈਂਟ ਦੀ ਰਿਪੋਰਟ ਅਨੁਸਾਰ ਪੰਜਾਬ ਵੀ.ਆਈ.ਪੀਜ਼ ਦੀ ਗਿਣਤੀ ਵਿੱਚ ਦੇਸ਼ ਵਿੱਚੋਂ ਅੱਵਲ ਹੈ। ਪੰਜਾਬ ਵਿੱਚ ਇਸ ਸਮੇਂ 117 ਵਿਧਾਨ ਸਭਾ ਹਲਕਿਆਂ ਵਿੱਚ 2344 ਵੀ.ਆਈ.ਪੀਜ਼ ਹਨ ਜੋ ਕਿ ਪ੍ਰਤਿ ਹਲਕਾ 20 ਬਣਦੇ ਹਨ ਜਦੋਂ ਕਿ ਪੂਰੇ ਭਾਰਤ ਵਿੱਚ 3960 ਹਲਕਿਆਂ ਵਿੱਚ 17468 ਵੀ.ਆਈ.ਪੀਜ਼ ਹਨ ਜੋ ਪ੍ਰਤਿ ਹਲਕਾ ਗਿਣਤੀ ਕੇਵਲ 4.41 ਬਣਦੀ ਹੈ। ਇਨ੍ਹਾਂ ਵੀ.ਆਈ. ਪੀਜ਼ ਦੀ ਸੁਰੱਖਿਆ ਲਈ 7324 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਇਹ ਗਿਣਤੀ ਪ੍ਰਤਿ ਹਲਕਾ 63 ਬਣਦੀ ਹੈ। ਮੁੱਖ ਮੰਤਰੀ ਤੇ ਗਵਰਨਰ ਦੇ ਬਾਡੀ ਗਾਰਡ ਇਨ੍ਹਾਂ ਤੋਂ ਵੱਖਰੇ ਹਨ। ਜਿਸ ਸੂਬੇ ਦੀ 8.89% ਪੁਲਿਸ ਫੋਰਸ ਵੀ.ਆਈ ਪੀਜ਼ ਦੀ ਸੁਰੱਖਿਆ 'ਤੇ ਤਾਇਨਾਤ ਹੋਵੇ ਉਸ ਦੇ ਲੋਕਾਂ ਦਾ ਕਿਸ ਨੂੰ ਫਿਕਰ ਹੋਵੇਗਾ?। ਜੇ ਇੱਕ ਮੁਲਾਜ਼ਮ ਦੀ ਤਨਖਾਹ 40 ਹਜ਼ਾਰ ਰੁਪਏ ਮਹੀਨਾ ਵੀ ਮੰਨੀ ਜਾਵੇ ਤਾਂ ਬਾਡੀ ਗਾਰਡਾਂ ਦੀ ਮਾਸਕ ਤਨਖਾਹ ਹੀ 351.48 ਕਰੋੜ ਰੁਪਏ ਹੈ। ਗੱਡੀਆਂ ਦਾ ਖਰਚਾ ਇਸ ਤੋਂ ਵੱਖਰਾ ਹੈ।

ਆਉ ਹੁਣ ਸੂਬੇ ਦੀ ਵਿਤੀ ਹਾਲਤ 'ਤੇ ਝਾਤੀ ਮਾਰੀਏ। ਇੱਕ ਖਬਰ ਅਨੁਸਾਰ ਪੰਜਾਬ ਵਿੱਚ 'ਵਿਤੀ ਐਮਰਜੈਂਸੀ' ਹੈ। ਹੁਣ ਸਟੇਟ ਓਵਰ ਡਰਾਫਟ 'ਤੇ ਚੱਲ ਰਹੀ ਹੈ। ਇਸ ਵਿਤੀ ਸਾਲ ਦੇ ਅੰਤ ਤੱਕ ਪੰਜਾਬ ਸਿਰ 2 ਲੱਖ 29 ਹਜ਼ਾਰ 611 ਕਰੋੜ ਕਰਜ਼ਾ ਹੋ ਜਾਵੇਗਾ। ਇਸ ਕਰਜ਼ੇ ਦਾ ਮੂਲ ਮੋੜਨ ਦੀਆਂ ਸਾਲਾਨਾਂ ਕਿਸ਼ਤਾਂ ਦਾ 12639 ਕਰੋੜ ਅਤੇ 30309 ਕਰੋੜ ਰੁਪਏ ਵਿਆਜ ਵੀ ਅਜੇ ਦੇਣਾ ਹੈ। ਬਿਜਲੀ ਬੋਰਡ ਦਾ ਸਰਕਾਰ ਵੱਲ 12393 ਕਰੋੜ ਰੁਪਏ ਸਬਸਿਡੀਆਂ ਦਾ ਬਕਾਇਆ ਹੈ। ਪੰਜਾਬ ਸਰਕਾਰ ਆਪਣਾ ਕੰਮ ਚਲਾਉਣ ਲਈ 17334 ਕਰੋੜ ਰੁਪਏ ਹੋਰ ਕਰਜ਼ਾ ਲਏਗੀ। ਦੂਜੇ ਪਾਸੇ ਰਾਜ ਵਿੱਚ ਜੀ.ਐਸ.ਟੀ.ਦੀ ਵਸੂਲੀ ਘਟਣ ਕਾਰਨ ਕੇਂਦਰ ਸਰਕਾਰ ਇਸ ਦਾ 4100 ਕਰੋੜ ਰੁਪਿਆ ਰੋਕੀ ਬੈਠੀ ਹੈ। ਇਸ ਕਾਰਨ ਪੰਜਾਬ ਸਰਕਾਰ ਪਾਸ ਨਵੰਬਰ ਮਹੀਨੇ ਦੇ ਖਰਚ ਲਈ ਕੋਈ ਪੈਸਾ ਨਹੀਂ। ਪਤਾ ਲੱਗਾ ਹੈ ਕਿ ਵਸਤੂਆਂ ਦੀ ਮੰਗ ਘਟਣ ਦੇ ਨਤੀਜੇ ਵਜੋਂ ਜੀ.ਐਸ.ਟੀ ਤੋਂ ਹੋਈ ਘੱਟ ਆਮਦਨ ਕਾਰਨ ਕੇਂਦਰ ਸਰਕਾਰ ਵੀ ਮਾਲੀ ਸੰਕਟ ਦਾ ਸ਼ਿਕਾਰ ਹੈ। ਅਜਿਹੀ ਸੂਰਤ ਵਿੱਚ ਵੀ.ਆਈ.ਪੀਜ਼ ਦੀ ਅਖੌਤੀ ਸੁਰੱਖਿਆ 'ਤੇ ਕੀਤਾ ਜਾ ਰਿਹਾ ਸਾਲਾਨਾ 5400 ਕਰੋੜ ਦਾ ਖਰਚਾ ਮੂਲੋਂ ਹੀ ਬੇਲੋੜਾ ਹੈ।

ਅਸਲੀਅਤ ਤਾਂ ਇਹ ਹੈ ਕਿ ਪੁਲਿਸ ਸੁਰੱਖਿਆ ਇੱਕ ਕਲਚਰ ਬਣ ਗਿਆ ਹੈ। ਇਹ ਕਰਮਚਾਰੀ ਵੀ.ਆਈ.ਪੀ. ਦੀ ਕਿਸੇ ਦਹਿਸ਼ਤਗਰਦ ਤੋਂ ਸੁਰੱਖਿਆ ਲਈ ਨਹੀਂ ਬਲਕਿ ਉਸ ਦਾ ਸਟੇਟਸ ਸਿੰਬਲ ਹੈ। ਭਾਵ ਜਿੰਨੇ ਜ਼ਿਆਦਾ ਬਾਡੀ ਗਾਰਡ ਉਨ੍ਹਾ ਹੀ ਵੱਡਾ ਵਿਅਕਤੀ। ਜਿਹੜਾ ਨੇਤਾ ਪਹਿਲਾਂ ਵੋਟਾਂ ਲੈਣ ਲਈ ਲੋਕਾਂ ਨੂੰ ਜੱਫੀਆਂ ਪਾਉਂਦਾ ਹੈ ਉਹ ਹੀ ਚੋਣ ਜਿੱਤ ਜਾਣ 'ਤੇ ਲੋਕਾਂ ਤੋਂ ਡਰਨ ਲਗਦਾ ਹੈ। ਜਦੋਂ ਇਹ ਐਮ.ਐਲ.ਏ.ਮੰਤਰੀ ਬਣ ਜਾਂਦਾ ਹੈ ਤਾਂ ਲੋਕਾਂ ਨੂੰ ਮਿਲਣ ਤੋਂ ਵੀ ਡਰਦਾ ਹੈ। ਮਤਲਬ ਇਹ ਕਿ ਜਿੰਨਾ ਵੱਡਾ ਅਹੁਦਾ ਉਨਾਂ ਹੀ ਲੋਕਾਂ ਤੋਂ ਵੱਧ ਡਰ। ਇਹ ਬਾਡੀਗਾਰਡ ਵੀ.ਆਈ.ਪੀ. ਨੂੰ ਲੋਕਾਂ ਤੋਂ ਦੂਰ ਰੱਖਣ ਦੇ ਕੰਮ ਆਉਂਦੇ ਹਨ। ਜਦੋਂ ਲੋਕ ਚੋਣਾਂ ਸਮੇਂ ਕੀਤੇ ਵਾਅਦੇ ਯਾਦ ਕਰਵਾਉਣ ਲਈ ਇਕੱਠੇ ਹੋ ਕੇ ਬੇਨਤੀ ਕਰਨ ਆਉਂਦੇ ਹਨ ਤਾਂ ਇਹ ਬਾਡੀਗਾਰਡ ਹੀ ਲੋਕਾਂ 'ਤੇ ਲਾਠੀਆਂ ਵਰ੍ਹਾਉਣ ਵਿੱਚ ਮੋਹਰੀ ਹੁੰਦੇ ਹਨ।

## ਕੰਮ ਦੀਆਂ ਗੱਲਾਂ

- ਅਗਰ ਆਪ ਕਿਸੀ ਵਿਅਕਤੀ ਕੇ ਸਾਥ ਬਾਤ ਕਰਨਾ ਚਾਹਤੇ ਹੋ ਤੋ ਵਹ ਵਿਅਕਤੀ ਸੱਚਾ, ਈਮਾਨਦਾਰ ਔਰ ਸਹਾਨੁਭੂਤੀ ਵਾਲਾ ਹੋਨਾ ਚਾਹਿਏ।
- ਅਗਰ ਆਪ ਕਿਸੀ ਵਿਅਕਤੀ ਕੇ ਬਾਰੇ ਜਾਨਨਾ ਚਾਹਤੇ ਹੋ ਤੋ ਉਸ ਕੇ ਰਿਸ਼ਤੇਦਾਰੋਂ ਮੇਂ ਰਹਿ ਰਹੇ ਉਸ ਕੇ ਦੁਸ਼ਮਨੋਂ ਸੇ ਬਾਤ ਕੀਜਿਏ।
- ਅਗਰ ਆਪ ਕੋ ਕਿਸੀ ਕਾ ਕੋਈ ਕਾਰਯ ਕਰਨਾ ਹੈ ਤੋ ਆਪ ਕੋ ਖੁਸ਼ ਹੋ ਕਰ ਕਰਨਾ ਚਾਹਿਏ। ਭਗਵਾਨ ਨੇ ਆਪ ਕੋ ਸ਼ਕਤੀ ਦੀ ਹੈ। ਆਪ ਕੋ ਉਸ ਕਾ ਫਲ ਜ਼ਰੂਰ ਮਿਲੇਗਾ। - ਕੌਸ਼ੱਲਿਆ ਦੇਵੀ, ਰੂਪਨਗਰ



## ਕਵਿਤਾ

ਮੂਲ ਲੇਖਕ - ਰੂਸੀ ਕਵੀ ਕੇਸਿਨ
ਅਨੁਵਾਦਕ - ਪ੍ਰਿਤਪਾਲ ਸਿੰਘ ਜਟਾਣਾ

ਐ ਨਾਰੀਓ, ਮੇਰੇ ਗਮਾਂ ਦੀ ਜਾਈਓ,
ਤੁਸੀਓਂ ਤਾਂ ਨਹੀ ਸੀ-
ਜੋ ਮੇਰੇ ਅਤੀਤ ਦੇ ਕੌੜੇ ਹੰਝੂ ਤੇ ਕਲੇਸ਼ਾਂ ਦੀਆਂ ਜਾਈਆਂ ?
ਤੁਸੀਓਂ ਤਾਂ ਨਹੀਂ ਸੀ-
ਜੋ ਕਈ ਵਾਰੀ ਕਈ ਨਾਜਾਇਜ਼ ਤੇ ਖਰ੍ਹਵੇਂ ਜੇਹੇ ਦੋਸ਼-
ਮੈਂ ਬੇ-ਦੋਸ਼ੇ ਸਿਰ ਬਦ-ਸਲੂਕੀ ਨਾਲ ਮੜ੍ਹਦੀਆਂ ਰਹੀਆਂ ?
ਕੀ ਤੁਸੀਓਂ ਤਾਂ ਨਹੀਂ ਸੀ-
ਜਿਨ੍ਹਾਂ ਕਈ ਵਾਰੀ ਮੈਨੂੰ ਝੂਠ-ਫਰੇਬਾਂ ਨਾਲ ਅੰਧਾ ਕੀਤਾ
ਅਤੇ ਦੁੱਖਾਂ ਦਰਦਾਂ ਤੇ ਸਿਸਕੀਆਂ ਨਾਲ ਮੇਰਾ ਦਿਲ ਭਰ ਦਿੱਤਾ?
ਪਰ ਫਿਰ ਵੀ-
ਤੁਹਾਡੇ ਨੈਣਾਂ ਦੀ ਚਮਕ ਨੇ ਮੇਰੇ ਜੀਵਨ ਦਾ ਰਾਹ ਰੌਸ਼ਨ ਕੀਤਾ।
ਮੈਨੂੰ ਭੁੱਲ ਗਏ ਸਭ ਕੁਝ-
ਦੌੜ-ਭੱਜ ਤੇ ਅਦਿਸ ਨਿਸ਼ਾਨੇ,
ਬੀਤੇ ਦੇ ਜਖਮ ਤੇ ਬੋਲ-ਬੇਰਹਿਮੇ।
ਜਿਵੇਂ ਕਿ ਹੁਸਨ ਤੁਹਾਡੇ ਦਾ ਜਾਦੂ-
ਕਰ ਦੇਵੇਗਾ ਸੁਨਹਿਰੀ, ਖੇਤ ਕਣਕ ਦੇ ਮੇਰੇ,
ਤੇ ਜਿਵੇਂ ਕਿ ਤੁਹਾਡੀ ਅਸੀਮ ਪਾਕੀਜ਼ਗੀ ਦੀ ਤੇਜ਼ ਚਮਕ-
ਮੇਰੀਆਂ ਨਦੀਆਂ ਦਾ ਪਾਣੀ ਰੋੜ੍ਹੇ।
ਉਹੋ ਚਟਾਨੀ ਡੰਡੀਆਂ ਅਗਰ ਫਿਰ ਵੀ,
ਸੈਰ-ਸਪਾਟੇ ਲਈ ਮਨ ਬਹਿਕਾਵੇ-
ਕੀ ਉਹ ਵਾਦੀਆਂ ਹੁਣ ਵੀ ਤੁਹਾਨੂੰ ਮੋਹ ਲੈਣਗੀਆਂ ?
ਉਨ੍ਹਾਂ ਹਿਮਾਲਾ-ਚੋਟੀਆਂ ਤੋਂ ਅਗਰ ਸਰਕਣ ਬਰਫ਼ ਦੇ ਤੋਦੇ-
ਕੀ ਉਨ੍ਹਾਂ ਦੀ ਖੂਬਸੂਰਤੀ ਹੁਣ ਵੀ,ਤੁਹਾਨੂੰ ਅਚੰਭਤ ਕਰ ਦੇਵੇਗੀ?
ਬੱਦਲ਼ ਅਗਰ ਤੁਹਾਡੀ ਮਾਤ-ਭੂਮੀ ਵਿਚ ਗਰਜਣ
ਕੀ ਤੁਹਾਡਾ ਪਿਆਰ ਆਪਣੇ ਸੁਹਣੇ ਵਤਨ ਵਾਸਤੇ ਮਰ ਜਾਵੇਗਾ?
ਤੜਕਸਾਰ ਜੇਕਰ ਤੁਹਾਡੇ ਬਾਬਲ ਦੇ ਘਰ ਨਾ ਚੁੱਲ੍ਹਾ ਬਲੇ
ਕੀ ਤੁਸੀਂ ਆਪਣੇ ਬਾਬਲ ਦਾ ਘਰ ਸਦਾ ਸਦਾ ਲਈ ਛੱਡ ਜਾਵੋਗੀ?
ਐ ਨਾਰੀਓ! ਆਪ ਹੁੰਦੀਆਂ ਸੀ ਪਹੁ-ਫੁਟਾਲਾ ਮੇਰੇ ਰਾਹਾਂ ਦਾ
ਜਿੱਧਰ ਕਿਤੇ ਮੈਂ ਅਵਾਰਾ ਘੁੰਮਦਾ,
ਤੇ ਤੁਹਾਡੇ ਸੰਗ-ਸਾਥ ਸਦਕਾ ਠੰਢਕ,ਪਾਲਾ ਵੀ ਦੂਰ ਜਾ ਨੱਸਦਾ,
ਅਤੇ ਮੈਂ ਇੱਕ ਖਾਨਾ-ਬੇਦੋਸ਼ ਹੋ ਕੇ ਵੀ
ਖਾਨਾ-ਬੇਦੋਸ਼ ਨਹੀ ਸਾਂ ਲੱਗਦਾ!
ਜਿੰਦੜੀ ਮੇਰੀ ਨੇ ਹਰ ਤਰ੍ਹਾਂ ਦੇ ਦਿਵਸ ਹੰਢਾਏ-
ਗਮੀਆਂ-ਖ਼ੁਸ਼ੀਆਂ ਤੇ ਜਿੱਤਾਂ-ਹਾਰਾਂ ਵਾਲੇ,
ਪਰ ਹੁਸਨ ਤੁਹਾਡੇ ਨੇ ਮੇਰੀ ਸ਼ਾਇਰੀ ਵਿੱਚ-
ਹਰ ਪਲ ਸ਼ੌਕ ਰਚਾਏ!

❊ ❊ ❊ ❊ ❊



ਕਵਿਤਾ

## ਸੈਣੀ ਸੰਸਾਰ

**ਧਰਮ ਸਿੰਘ ਤਾਲਾਪੁਰੀ**

ਸੈਣੀ ਭਵਨ ਦਾ 'ਸੈਣੀ ਸੰਸਾਰ' ਪੜ੍ਹ ਲਓ,
ਦਾਤ ਵੰਡਦਾ ਸਦਾ ਗਿਆਨ ਦੀ ਏ।
ਟੀਮ ਏਸ ਦੀ ਵਿੱਚ ਤਾਲਮੇਲ ਡਾਢਾ,
ਗੱਲ ਵੇਖਣਯੋਗ ਧਿਆਨ ਦੀ ਏ।
ਹਰ ਪੱਖ ਤੋਂ ਲਿਖਦਾ ਗੱਲ ਸੱਚੀ,
ਬੜੀ ਏਸ 'ਤੇ ਮਿਹਰ ਭਗਵਾਨ ਦੀ ਏ।
ਕਹਾਣੀ, ਲੇਖ, ਕਵਿਤਾ ਜਾਂ ਗਜ਼ਲ ਹੋਵੇ,
ਹਰ ਰਚਨਾ ਉੱਚੀ ਸ਼ਾਨ ਦੀ ਏ।
ਨਵੇਂ ਯੁਗ ਵਿੱਚ ਤਰਕ ਨਾਲ ਗੱਲ ਕਰਦਾ,
ਲੋੜ ਨਹੀਂ ਵਹਿਮਾਂ ਵਿੱਚ ਜਾਣ ਦੀ ਏ।
ਸੱਚੀ ਗੱਲ ਨਹੀਂ ਕਦੇ ਛੁਪ ਸਕਦੀ,
'ਤਾਲਾਪੁਰੀ' ਲੋੜ ਨਾ ਕਿਸੇ ਬਿਆਨ ਦੀ ਏ।

## ਆਓ ਆਪਣੇ ਗਿਆਨ ਦੀ ਪਰਖ ਕਰੀਏ

### ਪ੍ਰਸ਼ਨੋਤਰੀ-6

ਸੈਣੀ ਸੰਸਾਰ ਮੈਗਜ਼ੀਨ ਦੇ ਪਾਠਕਾਂ ਵਲੋਂ ਗ੍ਰਹਿਣ ਕੀਤੇ ਗਿਆਨ ਦੀ ਪਰਖ ਕਰਨ ਲਈ ਸ਼ੁਰੂ ਕੀਤੀ ਪ੍ਰਸ਼ਨੋਤਰੀ ਦੀ ਇਸ ਲੜੀ ਵਿੱਚ ਅੰਕ 33 ਤੋਂ 36 ਵਿੱਚੋਂ ਪ੍ਰਸ਼ਨ ਦਿੱਤੇ ਗਏ ਹਨ।

1.ਅਬਦੁਲ ਸਿਤਾਰ ਈਦੀ ਕੌਣ ਹਨ?

ੳ) ਰਾਜਨੀਤਿਕ ਨੇਤਾ ਅ) ਵਿਗਿਆਨੀ ੲ) ਸਮਾਜ ਸੇਵੀ ਸ) ਕਲਾਕਾਰ

2. ਨਵਤੇਜ ਪੁਆਧੀ ਕਿੱਥੋਂ ਦੇ ਰਹਿਣ ਵਾਲੇ ਸਨ?

ੳ) ਰੋਪੜ ਅ) ਮੋਹਾਲੀ ੲ) ਚੰਡੀਗੜ੍ਹ ਸ) ਭਿਉਰਾ

3. ਜੱਲ੍ਹਿਆਂ ਵਾਲਾ ਬਾਗ ਕਤਲੇਆਮ ਦਾ ਬਦਲਾ ਕਿਸ ਨੇ ਲਿਆ?

ੳ) ਸ਼ਹੀਦ ਊਧਮ ਸਿੰਘ ਅ) ਸ਼ਹੀਦ ਭਗਤ ਸਿੰਘ ੲ) ਸ਼ਹੀਦ ਕਰਤਾਰ ਸਿੰਘ ਸਰਾਭਾ ਸ) ਚੰਦਰ ਸ਼ੇਖਰ ਆਜ਼ਾਦ

4. 37ਵੇਂ ਸਾਲਾਨਾ ਸੈਣੀ ਸੰਮੇਲਨ ਦਾ ਮੁੱਖ ਮਹਿਮਾਨ ਕੌਣ ਸੀ?

ੳ) ਸ.ਅਮਰਜੀਤ ਸਿੰਘ ਸੈਣੀ ਅ) ਸ਼੍ਰੀ ਤਰਸੇਮ ਸੈਣੀ ੲ) ਡਾਇਰੈਕਟਰ ਆਈ.ਆਈ.ਟੀ. ਸ) ਸ.ਭਗਵਾਨ ਸਿੰਘ ਪੰਚਕੂਲਾ

5. 37ਵੇਂ ਸਾਲਾਨਾ ਸੈਣੀ ਸੰਮੇਲਨ ਸਮੇਂ ਕਿਸ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨੂੰ ਸਨਮਾਨਿਤ ਕੀਤਾ ਗਿਆ?

ੳ) ਪ੍ਰਤਾਪ ਸੈਣੀ ਨੰਗਲ ਅ) ਜਰਨੈਲ ਸਿੰਘ ਕਾਬੜਵਾਲ ੲ) ਹਰਜੀਤ ਸਿੰਘ ਲੌਂਗੀਆ ਸ) ਡਾ. ਦੇਸ ਰਾਜ ਨੰਗਲ

6. ਗੁਰੂ ਨਾਨਕ ਦੇਵ ਜੀ ਜਗਨਨਾਥ ਪੁਰੀ ਕਿਸ ਉਦਾਸੀ ਸਮੇਂ ਗਏ?

ੳ) ਪਹਿਲੀ ਅ) ਦੂਜੀ ੲ) ਤੀਜੀ ਸ) ਚੋਥੀ

7. ਕਿਸ ਭਾਰਤੀ ਨੇ ਨੋਬਲ ਇਨਾਮ ਲੈਣ ਸਮੇਂ ਪਗੜੀ ਬੰਨ੍ਹੀ ਹੋਈ ਸੀ?

ੳ) ਰਬਿੰਦਰ ਨਾਥ ਟੈਗੋਰ ਅ) ਸੀ.ਵੀ ਰਮਨ ੲ) ਮਹਾਤਮਾ ਗਾਂਧੀ ਸ) ਰਾਧਾ ਕ੍ਰਿਸ਼ਨਨ

8. ਸੈਣੀ ਬਰਾਦਰੀ ਦੇ ਕਿਸ ਕਿਸਾਨ ਨੇ ਜ਼ਹਿਰਮੁਕਤ ਖੇਤੀ ਸ਼ੁਰੂ ਕੀਤੀ ਹੈ?

ੳ) ਅਵਤਾਰ ਸਿੰਘ ਫਗਵਾੜਾ ਅ) ਪਰਮਜੀਤ ਸਿੰਘ ਲੱਖੇਵਾਲ ੲ) ਲਖਵਿੰਦਰ ਸਿੰਘ ਬੇਲਾ ਸ) ਜੀਵਨ ਸਿੰਘ ਸਹੌੜਾਂ

9. ਸੰਸਾਰ ਦਾ ਸਭ ਤੋਂ ਲੰਮਾ ਸਮੁੰਦਰੀ ਪੁਲ ਕਿਸ ਦੇਸ਼ ਨੇ ਬਣਾਇਆ ਹੈ?

ੳ) ਅਮਰੀਕਾ ਅ) ਅਸਟ੍ਰੇਲੀਆ ੲ) ਚੀਨ ਸ) ਜਾਪਾਨ

10. ਆਜ਼ਾਦੀ ਸੰਗ੍ਰਾਮੀ ਕਵੀ ਕਰਤਾਰ ਸਿੰਘ ਦੇ ਨਾਮ ਨਾਲ 'ਚਰਖਾ' ਖਿਤਾਬ ਕਿਸ ਨੇ ਜੋੜਿਆ?

ੳ) ਪ੍ਰਤਾਪ ਸਿੰਘ ਕੈਰੋਂ ਅ) ਮਹਾਤਮਾ ਗਾਂਧੀ ੲ) ਜਵਾਹਰ ਲਾਲ ਨਹਿਰੂ ਸ) ਸਾਧੂ ਸਿੰਘ ਹਮਦਰਦ

11. ਕੰਕਰੀਆ ਝੀਲ ਕਿਸ ਸ਼ਹਿਰ ਵਿੱਚ ਹੈ?

ੳ) ਜੈਪੁਰ ਅ) ਉਦੈਪੁਰ ੲ) ਅਹਿਮਦਾਬਾਦ ਸ) ਸ਼੍ਰੀ ਨਗਰ

12. ਮਿਸਟਰ ਜਸਟਿਸ ਸੈਣੀ ਕਿਸ ਦੇਸ਼ ਦੇ ਵਾਸੀ ਹਨ?

ੳ) ਕੈਨੇਡਾ ਅ) ਅਮਰੀਕਾ ੲ) ਨਿਊਜ਼ੀਲੈਂਡ ਸ) ਯੂ.ਕੇ.

13. ਨਵਦੀਪ ਸੈਣੀ ਕਿਸ ਖੇਡ ਦਾ ਖਿਡਾਰੀ ਹੈ?

ੳ) ਹਾਕੀ ਅ) ਕ੍ਰਿਕਟ ੲ) ਫੁੱਟਬਾਲ ਸ) ਬੈਡਮਿੰਟਨ

14. ਸੁਮੇਰ ਪਰਬਤ 'ਤੇ ਗੁਰੂ ਨਾਨਕ ਦੇਵ ਜੀ ਦੀ ਗੋਸ਼ਟੀ ਕਿਨ੍ਹਾਂ ਨਾਲ ਹੋਈ?

ੳ) ਸਿੱਧ ਅ) ਪੀਰ ੲ) ਪੰਡਿਤ ਸ) ਨਾਂਗੇ ਸਾਧੂ

15. ਸੈਣੀ ਸੰਸਾਰ ਦਾ 34ਵਾਂ ਅੰਕ ਕਿਸ ਨੇ ਰਿਲੀਜ਼ ਕੀਤਾ?

ੳ) ਡਾ.ਆਰ.ਐਸ.ਪਰਮਾਰ ਅ) ਡੀ.ਸੀ.ਰੋਪੜ ੲ) ਤੇਜਦੀਪ ਸਿੰਘ ਸੈਣੀ ਸ) ਸੁਰਿੰਦਰ ਸੈਣੀ

16. ਖੁਸ਼ੀ ਸੈਣੀ ਤੇ ਜੈਸਮੀਨ ਕੌਰ ਕਿਹੜੀ ਖੇਡ ਖੇਡਦੀਆਂ ਹਨ?

ੳ) ਤੈਰਾਕੀ ਅ) ਨਿਸ਼ਾਨੇਬਾਜ਼ੀ ੲ) ਟੇਬਲ ਟੈਨਿਸ ਸ) ਦੌੜ

17. ਪਹਿਲਾ ਸੈਣੀ ਪਰਮਵੀਰ ਚੱਕਰ ਵਿਜੇਤਾ ਕੌਣ ਹੈ?

ੳ) ਸੁਬੇਦਾਰ ਜੋਗਿੰਦਰ ਸਿੰਘ ਅ) ਕੈਪ. ਹਰਮਿੰਦਰ ਸਿੰਘ ੲ) ਕੈਪ. ਗੁਰਬਚਨ ਸਿੰਘ ਸਲਾਰੀਆ ਸ) ਬ੍ਰਗੇ.ਗੁਰਬਖਸ਼ ਸਿੰਘ

18. ਅਭਿਜੀਤ ਬੈਨਰਜੀ ਨੇ ਕਿਹੜਾ ਨੋਬਲ ਇਨਾਮ ਹਾਸਲ ਕੀਤਾ ਹੈ?

ੳ) ਇਕਨਾਮਿਕਸ ਅ) ਸਾਹਿਤ ੲ) ਵਿਸ਼ਵ ਸ਼ਾਂਤੀ ਸ) ਮੈਡੀਸਨ

19. ਕਿਹੜਾ ਸੈਣੀ ਕੈਨੇਡਾ ਵਿੱਚ ਮੰਤਰੀ ਬਣਿਆਂ ਹੈ?

ੳ) ਸ਼੍ਰੀ ਰਾਜ ਸੈਣੀ ਅ) ਸ਼੍ਰੀਮਤੀ ਬਰਦੀਸ਼ ਚੱਗੜ ੲ) ਧਰਮਪਾਲ ਸੈਣੀ ਸ) ਸ. ਹਰਜੀਤ ਸਿੰਘ ਸੱਜਣ

20. ਸਾਲ 2019 ਵਿੱਚ ਲੈਫ.ਕਰਨਲ ਜੀ.ਆਰ.ਸੈਣੀ ਦਾ ਕਿੰਨਵਾਂ ਜਨਮ ਦਿਨ ਸੀ?

ੳ) 100ਵਾਂ ਅ) 101ਵਾਂ ੲ) 102ਵਾਂ ਸ) 103ਵਾਂ

ਇਨ੍ਹਾਂ ਪ੍ਰਸ਼ਨਾਂ ਦੇ ਸਹੀ ਉੱਤਰ ਮੈਗਜ਼ੀਨ ਦੇ ਪ੍ਰਸ਼ਨੋਤਰੀ ਪੰਨੇ 'ਤੇ 'ਟਿੱਕ' ਕਰਕੇ 15 ਮਾਰਚ, 2020 ਤੱਕ ਸੈਣੀ ਭਵਨ ਨੂੰ ਭੇਜੇ ਜਾਣ। ਜੇਤੂਆਂ ਨੂੰ ਸਾਲਾਨਾ ਸੈਣੀ ਸਮਮੇਲਨ ਸਮੇਂ ਸਨਮਾਨਿਤ ਕੀਤਾ ਜਾਵੇਗਾ।

ਵਿਦੇਸ਼ਾਂ ਵਿੱਚ ਬਰਾਦਰੀ ਦਾ ਮਾਣ

## ਜੋਤੀ ਸਿੰਘ ਤੰਬੜ



ਸੈਣੀ ਬਰਾਦਰੀ ਦੇ ਅਨੇਕ ਕਰਮਯੋਗੀਆਂ ਨੇ ਦੁਨੀਆਂ ਦੇ ਹਰ ਕੋਨੇ 'ਚ ਜਾ ਕੇ ਦੇਸ਼ ਤੇ ਕੌਮ ਦਾ ਨਾਂ ਰੋਸ਼ਨ ਕੀਤਾ ਹੈ। ਅਜਿਹੀ ਇੱਕ ਬੇਟੀ, ਜੋਤੀ ਸਿੰਘ ਤੰਬੜ ਹੈ ਜਿਸ ਨੇ ਇਟਲੀ 'ਚ ਪਹਿਲੀ ਸਿੱਖ ਪੰਜਾਬਣ ਵਕੀਲ ਬਣਨ ਦਾ ਮਾਣ ਹਾਸਲ ਕੀਤਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਫਗਲਾਣਾ ਦੇ ਸੈਣੀ ਪਰਿਵਾਰ ਨਾਲ ਸਬੰਧ ਰੱਖਣ ਵਾਲੀ ਜੋਤੀ ਸਿੰਘ ਤੰਬੜ ਦੇ ਪਿਤਾ ਕਰਮਜੀਤ ਸਿੰਘ ਸੰਨ 1985 ਵਿਚ ਇਟਲੀ ਚਲੇ ਗਏ ਸਨ।ਉੱਥੇ ਹੀ ਕੰਪਾ ਨਿਉਲਾ (ਰਿਜੋ ਇਮਿਲੀਆ) ਸ਼ਹਿਰ ਵਿੱਚ ਜੋਤੀ ਦਾ ਜਨਮ ਹੋਇਆ। **ਉਹ ਇਟਲੀ ਦੀ ਪਹਿਲੀ ਭਾਰਤੀ ਮੂਲ਼ ਦੀ ਸਿੱਖ ਕੁੜੀ ਹੈ ਜਿਸ ਨੇ ਇਟਲੀ ਦੇ ਬਲੋਨੀਆਂ ਸ਼ਹਿਰ ਦੀ ਵੱਡੀ ਅਦਾਲਤ ਵਿਚ ਵਕੀਲ ਬਨਣ ਲਈ ਰਾਜ ਪੱਧਰ ਦੀ ਪ੍ਰੀਖਿਆ ਪਾਸ ਕੀਤੀ।**

ਜੋਤੀ ਨੇ ਇਹ ਪ੍ਰੀਖਿਆ ਪਹਿਲੀ ਕੋਸ਼ਿਸ਼ ਵਿਚ ਹੀ ਪਾਸ ਕੀਤੀ ਜਿਸ ਨਾਲ ਪੰਜਾਬੀ ਭਾਈਚਾਰੇ ਦੀ ਇਟਲੀ ਵਿੱਚ ਬੱਲੇ-ਬੱਲੇ ਹੋ ਗਈ। ਉਹ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਮਾਤਾ ਪਿਤਾ, ਪਤੀ ਸੰਦੀਪ ਸਿੰਘ ਅਤੇ ਸਹੁਰਾ ਪਰਿਵਾਰ ਸਿਰ ਬੰਨ੍ਹਦੀ ਹੈ। ਕੁਝ ਘਰੇਲੂ ਰੁਝੇਵਿਆਂ ਕਾਰਨ ਉਹ ਵਕਾਲਤ ਦਾ ਕੰਮ ਥੋੜ੍ਹੀ ਦੇਰ ਨਾਲ ਸ਼ੁਰੂ ਕਰ ਸਕੀ । ਜੋਤੀ ਸਿੰਘ ਤੰਬੜ ਜਨਮੀ ਤਾਂ ਭਾਵੇਂ ਇਟਲੀ ਵਿਚ ਹੈ ਪਰ ਸਦਾ ਹੀ ਪੰਜਾਬੀਅਤ ਨਾਲ ਜੁੜੀ ਰਹਿੰਦੀ ਹੈ। ਜੋਤੀ ਸਿੰਘ ਨੇ ਡਿਗਰੀ ਵਿਚ ਪਹਿਲਾ ਸਥਾਨ ਹਾਸਲ ਕੀਤਾ ਸੀ ਉਹ ਇਮਿਲੀਆ ਰੋਮਾਨਾ ਸੂਬੇ ਦੀ ਪਹਿਲੀ ਸਿੱਖ ਕੁੜੀ ਸੀ ਜਿਸ ਨੂੰ ਨੰਬਰਾਂ ਦੇ ਅਧਾਰ 'ਤੇ ਰਿਜੋ ਇਮਿਲੀਆ ਦੀ ਕੋਰਟ ਦੇ ਸਿਵਲ ਸੈਕਸ਼ਨ ਵਿਚ ਜੱਜ ਨਾਲ ਅਭਿਆਸ ਕਰਨ ਦਾ ਮੌਕਾ ਮਿਲਿਆ। ਵਿਸ਼ਵ ਭਰ ਵਿੱਚ ਫੈਲ਼ੀ ਸੈਣੀ ਬਰਾਦਰੀ ਨੂੰ ਜੋਤੀ ਤੰਬੜ 'ਤੇ ਬਹੁਤ ਮਾਣ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਦੀ ਅਰਦਾਸ ਹੈ ਕਿ ਉਹ ਹੋਰ ਬੁਲੰਦੀਆਂ ਨੂੰ ਛੋਹੇ।

❊ ❊ ❊ ❊ ❊

ਸੈਣੀ ਸੰਸਾਰ ਮੈਗਜ਼ੀਨ ਦੇ ਜਿਨ੍ਹਾਂ ਪਾਠਕਾਂ ਦਾ ਚੰਦਾ ਮੁੱਕ ਗਿਆ ਹੈ। ਉਹ ਦਫ਼ਤਰ ਵਿੱਚ ਨਗਦ ਜਾਂ ਸੈਣੀ ਭਵਨ ਦੇ ਬੈਂਕ ਖਾਤਾ
Indian Bank, Ropar, IFSC : IDIB000R027
Account No. : 833562779
ਜਮ੍ਹਾਂ ਕਰਵਾਉਣ ਦੀ ਕ੍ਰਿਪਾਲਤਾ ਕਰੋ ਜੀ।

## ਸ਼ਰਧਾਜਲੀਆਂ

ਸੈਣੀ ਭਵਨ ਰੂਪਨਗਰ ਦੇ ਮੈਨੇਜਰ ਸ. ਹਰਦੀਪ ਸਿੰਘ ਦੇ ਪਿਤਾ ਸ. ਮਹਿੰਦਰ ਸਿੰਘ (ਰਿਟਾ. ਨਾਇਬ ਤਹਿਸੀਲਦਾਰ) ਵਾਸੀ ਪਿੰਡ ਮੁਜ਼ਾਫ਼ਤ, ਜ਼ਿਲ੍ਹਾ ਰੂਪਨਗਰ 28 ਦਸੰਬਰ 2019 ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਆਪਣੇ ਕਿੱਤੇ ਦੇ ਮਾਹਿਰ ਅਤੇ ਨੇਕ ਸਲਾਹਕਾਰ ਸੱਜਣ ਸਨ।

ਸੈਣੀ ਭਵਨ ਰੂਪਨਗਰ ਦੇ ਟਰੱਸਟੀ ਅਤੇ ਰੂਪਨਗਰ ਸ਼ਹਿਰ ਦੇ ਐੱਮ.ਸੀ. ਸ. ਗੁਰਮੁਖ ਸਿੰਘ ਸੈਣੀ ਦੇ ਵੱਡੇ ਭੈਣ ਜੀ ਸ਼੍ਰੀਮਤੀ ਸਵਰਨ ਕੌਰ, ਪਿੰਡ ਖੇੜੀ ਸਲਾਬਤਪੁਰ ਹੁਣ ਵਾਸੀ ਮੁਹਾਲੀ, 30 ਦਸੰਬਰ 2019 ਨੂੰ ਸਵਰਗ ਸਿਧਾਰ ਗਏ ਹਨ।

ਪ੍ਰਮਾਤਮਾ ਇਨ੍ਹਾਂ ਵਿੱਛੜੀਆਂ ਆਤਮਾਵਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸੈਣੀ ਭਵਨ ਦੇ ਪ੍ਰਬੰਧਕ ਪਰਿਵਾਰਾਂ ਦੇ ਦੁੱਖ ਵਿੱਚ ਸ਼ਰੀਕ ਹਨ।

....ਸਫਾ 30 ਦੀ ਬਾਕੀ

ਪਹਾੜੀ ਦੀ ਛਾਤੀ ਨੂੰ ਪਾੜ ਕੇ 370 ਫੁੱਟ ਲੰਮਾ ਤੇ 18 ਫੁੱਟ ਚੌੜਾ ਰਸਤਾ ਬਣਾਉਣ ਵਿੱਚ ਕਾਮਯਾਬ ਹੋ ਗਿਆ। ਇਸ ਤਰ੍ਹਾਂ ਮਾਂਝੀ ਨੇ ਅੱਧੀ ਜ਼ਿੰਦਗੀ ਦੀ ਕਮਰਤੋੜ ਮਿਹਨਤ ਦੇ ਬਲਬੂਤੇ ਆਪਣੇ ਪਿੰਡ ਤੇ ਹੋਰ 60-62 ਪਿੰਡਾਂ ਨੂੰ ਵਜ਼ੀਰਾਬਾਦ ਨਾਲ ਜੋੜ ਦਿੱਤਾ। ਸਰਕਾਰ ਨੇ ਉਸ ਦੀ ਹਿੰਮਤ ਦਾ ਮੁੱਲ ਪਾਉਂਦਿਆਂ ਉਸ ਨੂੰ ਇੱਕ ਜ਼ਮੀਨ ਦਾ ਟੁਕੜਾ ਦਿੱਤਾ ਪਰ ਉਸ ਨੇ ਇਹ ਪਿੰਡ ਵਿੱਚ ਸਕੂਲ ਤੇ ਹਸਪਤਾਲ ਖੋਲ੍ਹਣ ਲਈ ਦਾਨ ਕਰ ਦਿੱਤਾ। ਉਹ 17 ਅਗਸਤ, 2007 ਨੂੰ ਸਰੀਰ ਤਿਆਗ ਗਿਆ ਪਰ ਹਿੰਮਤ ਤੇ ਦ੍ਰਿੜ੍ਹਤਾ ਦੀ ਮਿਸਾਲ ਕਾਇਮ ਕਰ ਗਿਆ।

❊ ❊ ❊ ❊ ❊

...continue from page 32

needed to make things happen. Indian democracy is known for its vibrancy and its determination to fight back. If there are problems then there are solutions as well. We just need to find and implement them. So let come together and join hands to form India of our dreams. We can do it and we will do it because somewhere inside all of us has the power to change the world.

# SAINI BHAWAN, RUPNAGAR

## CALENDAR 2020

### ਜਨਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | 1 | 2 | 3 | 4 |
| 5 x | 6 | 7 | 8 | 9 | 10 ● | 11 |
| 12 | 13 | 14 ★ | 15 | 16 | 17 | 18 |
| 19 | 20 | 21 | 22 | 23 | 24 ◑ | 25 |
| 26 | 27 | 28 | 29 | 30 | 31 | |

### ਫਰਵਰੀ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | | | 1 |
| 2 | 3 | 4 x | 5 | 6 | 7 | 8 |
| 9 ● | 10 | 11 | 12 | 13 ★ | 14 | 15 |
| 16 | 17 | 18 | 19 | 20 | 21 | 22 |
| 23 ◑ | 24 | 25 | 26 | 27 | 28 | 29 |

### ਮਾਰਚ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| 1 | 2 | 3 | 4 | 5 x | 6 | 7 |
| 8 | 9 ● | 10 | 11 | 12 | 13 | 14 ★ |
| 15 | 16 | 17 | 18 | 19 | 20 | 21 |
| 22 | 23 | 24 ◑ | 25 | 26 | 27 | 28 |
| 29 | 30 | 31 | | | | |

### ਅਪ੍ਰੈਲ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | 1 | 2 | 3 x | 4 |
| 5 | 6 | 7 | 8 ● | 9 | 10 | 11 |
| 12 | 13 ★ | 14 | 15 | 16 | 17 | 18 |
| 19 | 20 | 21 | 22 ◑ | 23 ◑ | 24 | 25 |
| 26 | 27 | 28 | 29 | 30 | | |

### ਮਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| 31 | | | | | 1 | 2 |
| 3 x | 4 | 5 | 6 | 7 ● | 8 | 9 |
| 10 | 11 | 12 | 13 | 14 ★ | 15 | 16 |
| 17 | 18 | 19 | 20 | 21 | 22 ◑ | 23 |
| 24 | 25 | 26 | 27 | 28 | 29 | 30 |

### ਜੂਨ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | 1 x | 2 | 3 | 4 | 5 ● | 6 |
| 7 | 8 | 9 | 10 | 11 | 12 | 13 |
| 14 ★ | 15 | 16 | 17 | 18 | 19 | 20 |
| 21 ◑ | 22 | 23 | 24 | 25 | 26 | 27 |
| 28 | 29 | 30 | | | | |

### ਜੁਲਾਈ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | 1 | 2 | 3 | 4 |
| 5 ● | 6 | 7 | 8 | 9 | 10 | 11 |
| 12 | 13 | 14 | 15 | 16 ★ | 17 | 18 |
| 19 | 20 ◑ | 21 | 22 | 23 | 24 | 25 |
| 26 | 27 | 28 | 29 x | 30 | 31 | |

### ਅਗਸਤ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| 30 | 31 | | | | | 1 |
| 2 | 3 ● | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 ◑ | 17 | 18 | 19 ★ | 20 | 21 | 22 |
| 23 | 24 | 25 | 26 | 27 | 28 x | 29 |

### ਸਤੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | 1 | 2 ● | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 ★ | 17 ◑ | 18 | 19 |
| 20 | 21 | 22 | 23 | 24 | 25 | 26 x |
| 27 | 28 | 29 | 30 | | | |

### ਅਕਤੂਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | | | 1 ● | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 ★ | 17 ◑ |
| 18 | 19 | 20 | 21 | 22 | 23 | 24 |
| 25 | 26 x | 27 | 28 | 29 | 30 | 31 |

### ਨਵੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 ●★ | 16 | 17 | 18 | 19 | 20 | 21 |
| 22 | 23 | 24 ◑ | 25 | 26 | 27 | 28 |
| 29 | 30 x | | | | | |

### ਦਸੰਬਰ

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀਵਾਰ |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 ● | 15 ★ | 16 | 17 | 18 | 19 |
| 20 | 21 | 22 | 23 | 24 ◑ | 25 | 26 |
| 27 | 28 | 29 | 30 x | 31 | | |

### 2020 ਵਿੱਚ ਪੰਜਾਬ ਸਰਕਾਰ ਦੀਆਂ ਛੁੱਟੀਆਂ ਦੀ ਸੂਚੀ*

| | |
|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 2 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ | 9 ਫਰਵਰੀ |
| ਮਹਾਂ ਸ਼ਿਵਰਾਤਰੀ | 21 ਫਰਵਰੀ |
| ਹੋਲੀ/ ਹੋਲਾ ਮਹੱਲਾ | 9 ਮਾਰਚ |
| ਰਾਮ ਨੌਮੀ | 2 ਅਪ੍ਰੈਲ |
| ਮਹਾਂਵੀਰ ਜੈਯੰਤੀ | 6 ਅਪ੍ਰੈਲ |
| ਗੁੱਡ ਫਰਾਈਡੇ | 10 ਅਪ੍ਰੈਲ |
| ਵਿਸਾਖੀ | 13 ਅਪ੍ਰੈਲ |
| ਜਨਮ ਦਿਨ ਡਾ. ਬੀ.ਆਰ. ਅੰਬੇਡਕਰ | 14 ਅਪ੍ਰੈਲ |
| ਈਦ-ਉੱਲ-ਫਿਤਰ | 25 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 26 ਮਈ |
| ਕਬੀਰ ਜਯੰਤੀ | 5 ਜੂਨ |
| ਬਕਰੀਦ | 1 ਅਗਸਤ |
| ਜਨਮ ਅਸ਼ਟਮੀ | 11 ਅਗਸਤ |
| ਸੁਤੰਤਰਤਾ ਦਿਵਸ | 15 ਅਗਸਤ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 19 ਅਗਸਤ |
| ਜਨਮ ਦਿਵਸ ਮਹਾਤਮਾ ਗਾਂਧੀ | 2 ਅਕਤੂਬਰ |
| ਅਗਰਸੈਨ ਜਯੰਤ | 17 ਅਕਤੂਬਰ |
| ਦੁਸ਼ਹਿਰਾ | 25 ਅਕਤੂਬਰ |
| ਜਨਮ ਦਿਵਸ ਮਹਾਂਰਿਸ਼ੀ ਵਾਲਮੀਕਿ ਜੀ | 31 ਅਕਤੂਬਰ |
| ਦੀਵਾਲੀ (ਬੰਦੀਛੋੜ ਦਿਵਸ) | 14 ਨਵੰਬਰ |
| ਵਿਸ਼ਵਕਰਮਾ ਦਿਵਸ | 15 ਨਵੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 30 ਨਵੰਬਰ |
| ਸ਼ਹੀਦ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ | 19 ਦਸੰਬਰ |
| ਕ੍ਰਿਸਮਿਸ ਦਿਵਸ | 25 ਦਸੰਬਰ |

● ਪੂਰਨਮਾਸ਼ੀ ★ ਸੰਗਰਾਂਦ ◑ ਮੱਸਿਆ x ਦਸਮੀ

* ਸਰਕਾਰੀ ਕੈਲੰਡਰ ਨਾਲ ਮਿਲਾਨ ਕਰ ਲਿਆ ਜਾਵੇ।